
# ਸਮਿਆਂ ਦੇ ਸਨਮੁੱਖ



# ਸਮਿਆਂ ਦੇ ਸਨਮੁੱਖ

(ਕਾਵਿ-ਸੰਗ੍ਰਹਿ)

**ਇਸ ਕਲਮ ਤੋਂ—**

1. ਉਡਾਰੀ (ਕਾਵਿ-ਸੰਗ੍ਰਹਿ)
2. ਸਮਿਆਂ ਦੇ ਸਨਮੁੱਖ (ਕਾਵਿ-ਸੰਗ੍ਰਹਿ)
3. ਤੀਸਰੀ ਕਾਵਿ-ਸੰਗ੍ਰਹਿ (ਪ੍ਰਕਾਸ਼ਨ ਅਧੀਨ)

# ਸਮਿਆਂ ਦੇ ਸਨਮੁੱਖ

(ਕਾਵਿ-ਸੰਗ੍ਰਹਿ)

ਦਾਸ ਭਾਰਤੀ

*Poetry/Punjabi Poetry*

**Samian De Sanmukh**

*(Collection of Poems)*

*by*

**Dass Bharti**

H. No. 132, Moh. Shankar Nagar,

Fatehgarh road-Hoshiarpur. Pb. India

Ph. 94640-56901

E-mail ID: dassbharti@yahoo.com

2010

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219

*© 2010*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਆਪਣੀ ਮਾਤਾ ਬਚਨ ਕੌਰ ਜੀ
ਜਿਸਦੀ ਬੁੱਢੇ ਬੋਹੜ ਵਰਗੀ ਛਾਂ
ਘਰ ਦੇ ਜੀਅ ਮਾਣ ਰਹੇ ਹਨ
ਅਤੇ
ਆਪਣੇ ਦੁੱਖ-ਸੁੱਖ ਦੀ ਮਹਿਰਮ
ਸਾਥਣ ਨਿਰਮਲ ਕੌਰ ਲਈ।

# ਤਰਤੀਬ


| | | |
|---|---|---|
| 1. | ਮੇਰੀ ਨਜ਼ਰ—ਮਦਨ ਵੀਰਾ | 9 |
| 2. | ਹਰਫ਼ਾਂ ਦੇ ਚਿਰਾਗ—ਦਾਸ ਭਾਰਤੀ | 12 |
| 3. | ਔਰਤ | 13 |
| 4. | ਨਿਆਂ ਦੀ ਦੇਵੀ | 14 |
| 5. | ਪੱਥਰ ਯੁੱਗ ਤੋਂ ਪੱਥਰ ਤੱਕ | 15 |
| 6. | ਮਨੁੱਖ ਹੋਣ ਦਾ ਸੰਤਾਪ | 17 |
| 7. | ਗੂੰਗੀ | 18 |
| 8. | ਕੰਜਕ | 19 |
| 9. | ਰੱਬ ਦੇ ਵਪਾਰੀ | 20 |
| 10. | ਹੋਕਾ | 21 |
| 11. | ਅਹਿਦ | 22 |
| 12. | ਬੰਬੂ | 23 |
| 13. | ਅਤੀਤ | 24 |
| 14. | ਹਥਿਆਰ | 25 |
| 15. | ਰਾਤ ਚਾਨਣੀ | 26 |
| 16. | ਇਸ਼ਕ ਦੇ ਵਹਿਣ | 27 |
| 17. | ਪਿਆਸੀ ਨਦੀ | 28 |
| 18. | ਇਸ਼ਕ | 29 |
| 19. | ਅੱਥਰੂ ਨਾ ਕੇਰ | 30 |
| 20. | ਮੋਈ ਬਿੱਲੀ ਦਾ ਭਾਰ | 31 |
| 21. | ਪਿੰਡ ਫੇਰੀ | 32 |
| 22. | ਫ਼ਰਕ | 33 |
| 23. | ਲਹਿੰਦਾ ਚੜ੍ਹਦਾ | 34 |
| 24. | ਉਸਰਈਏ | 35 |
| 25. | ਲਾਰੀ ਵਿਚ ਪ੍ਰਦੇਸੀ | 36 |
| 26. | ਖੇਡਣ ਦੇ ਦਿਨ ਚਾਰ | 37 |
| 27. | ਉਲਟੇ ਵਹਿਣ | 39 |
| 28. | ਉਹਨਾਂ ਦੀ ਪੁੱਛ ਨਾ ਸਾਰ | 40 |
| 29. | ਨਸ਼ਿਆਂ ਦੇ ਕੋਹੜ | 41 |
| 30. | ਕੌਣ | 42 |

| | | |
|---|---|---|
| 31. | ਸਮਕਾਲ | 43 |
| 32. | ਖੁੱਲਾ ਸੱਦਾ | 44 |
| 33. | ਫੈਸਲੇ ਤੋਂ ਬਾਅਦ | 45 |
| 34. | ਗ਼ਜ਼ਲ | 46 |
| 35. | ਗ਼ਜ਼ਲ | 47 |
| 36. | ਸ਼ਿਸ਼ਟਾਚਾਰ | 48 |
| 37. | ਕਿਸ ਨੂੰ ਦਿਲ ਦਾ ਦਰਦ ਸੁਣਾਵਾਂ | 49 |
| 38. | ਪੱਥਰ | 50 |
| 39. | ਮੂੰਆਂ | 51 |
| 40. | ਤੰਦ ਤੇ ਤਾਣੀ | 52 |
| 41. | ਗ਼ਜ਼ਲ | 53 |
| 42. | ਠਰੇ ਮੌਸਮ ਦੇ ਰੂ-ਬ-ਰੂ | 54 |
| 43. | ਚਾਨਣ ਦੇ ਉਹਲੇ | 55 |
| 44. | ਗ਼ਜ਼ਲ | 56 |
| 45. | ਅੰਨ੍ਹਾ ਖੂਹ | 57 |
| 46. | ਕਤਲ | 58 |
| 47. | ਸਫ਼ਰ-ਦ੍ਰਿਸ਼-1 | 59 |
| 48. | ਸਫ਼ਰ ਦ੍ਰਿਸ਼-2 | 60 |
| 49. | ਸਫ਼ਰ ਦ੍ਰਿਸ਼-3 | 61 |
| 50. | ਦੁੱਧ ਦਾ ਰੰਗ | 62 |
| 51. | ਵਗਦੇ ਪਾਣੀ | 63 |
| 52. | ਸੌਦਾਗਰਾਂ ਦੇ ਨਗਰ | 64 |
| 53. | ਮੁਹੱਬਤ ਦੇ ਸਿਰਨਾਵੇਂ | 65 |
| 54. | ਧਰਮ ਗੁਰੂ | 66 |
| 55. | ਸਮਾਂ ਸੂਰਜ ਤੇ ਮੈਂ | 67 |
| 56. | ਰਿਸ਼ਤੇ ਦੀ ਤੰਦ ਵਿਚਕਾਰ | 69 |
| 57. | ਸਫ਼ਰ | 71 |
| 58. | ਨਿਪੁੰਸਕ ਚੌਗਿਰਦਾ | 72 |
| 59. | ਭੁੱਖ ਦਾ ਸਫ਼ਰ | 73 |
| 60. | ਸੁਪਨਾ | 74 |

| | | |
|---|---|---|
| 61. | ਜ਼ਿੰਦਗੀ ਮੇਰੀ | 76 |
| 62. | ਧਰਤੀ ਮਾਂ | 77 |
| 63. | ਪ੍ਰਕਿਰਤੀ ਦੇ ਪੰਨੇ ਤੋਂ | 79 |
| 64. | ਤਰੱਦਤ | 81 |
| 65. | ਉਡਾਨ | 83 |
| 66. | ਬੀਤੇ ਦੀ ਗੱਲ | 84 |
| 67. | ਸ਼ਿਕਾਰੀ | 85 |
| 68. | ਉਪਰਾਮ ਮਨੁੱਖ | 86 |
| 69. | ਪੈੜ | 88 |
| 70. | ਧੀਆਂ ਨੇ ਪਾ ਕੇ ਮੰਜ਼ਲਾਂ (ਗੀਤ) | 90 |
| 71. | ਸੋਚਦਾ ਹਾਂ | 92 |
| 72. | ਬੀਤੇ ਦੀ ਖਿੜਕੀ | 93 |
| 73. | ਦਰਿਆ | 95 |
| 74. | ਇਕ ਨਜ਼ਰ | 96 |
| 75. | ਖੰਭ | 98 |
| 76. | ਮੁੰਦਰੀ | 99 |
| 77. | ਗ਼ਮ | 100 |
| 78. | ਮੰਜ਼ਿਲ | 101 |
| 79. | ਜਾਣ ਪਿਛੋਂ | 102 |
| 80. | ਵਧਦੇ ਕਦਮ | 103 |
| 81. | ਸੱਖਣਾ ਵਿਹੜਾ | 104 |
| 82. | ਕਾਤਰ ਜ਼ਿੰਦਗੀ | 105 |
| 83. | ਝਰੋਖੇ | 106 |
| 83. | ਕਿਸ਼ਤੀ | 108 |
| 84. | ਪਰਦੇਸ | 109 |
| 85. | ਹਮਰਾਜ | 110 |
| 86. | ਉਡੀਕ | 111 |
| 87. | ਵਗਦੇ ਹੰਝੂ | 112 |

# ਮੇਰੀ ਨਜ਼ਰ 'ਚ ਦਾਸ ਭਾਰਤੀ ਦੀ ਕਵਿਤਾ—ਮਦਨ ਵੀਰਾ

'ਸਮਿਆਂ ਦੇ ਸਨਮੁੱਖ' ਕਾਵਿ-ਸੰਗ੍ਰਹਿ ਦੇ ਮੁੱਢਲੇ ਖਰੜੇ ਨੂੰ ਪੜ੍ਹਨ ਤੋਂ ਪਹਿਲਾਂ ਇਸ ਕਵੀ ਅਤੇ ਕਵਿਤਾ ਬਾਰੇ ਮੇਰੀ ਧਾਰਨਾ ਸੀ ਕਿ ਅਧਿਆਪਨ ਦੇ ਕਿੱਤੇ ਨਾਲ ਜੁੜੇ, ਆਰਥਿਕ ਤੌਰ 'ਤੇ ਸੁਖਾਲੇ ਲੋਕ ਕਈ ਵਾਰ ਆਪਣੀ ਪਛਾਣ ਦੇ ਆਭਾ-ਮੰਡਲ ਵਿਚ ਕੋਈ ਨਵੀਂ ਪ੍ਰਾਪਤੀ ਜੜ੍ਹਨ ਦੀ ਕਾਹਲ 'ਚ ਕਵਿਤਾ ਨਾਲ ਆਪਣਾ ਨਾਤਾ ਜੋੜ ਲੈਂਦੇ ਹਨ। ਉਂਜ ਵੀ ਸਾਡੇ ਪੰਜਾਬੀ ਭਾਸ਼ਾ ਦੇ ਸਾਹਿਤ-ਸੰਸਾਰ ਵਿਚ ਅਜਿਹਾ ਵਰਤਰਾ ਨਾ ਤਾਂ ਕੋਈ ਔਖਾ ਹੈ ਤੇ ਨਾ ਅਨੋਖਾ ਹੀ ਕਿਹਾ ਜਾ ਸਕਦਾ ਹੈ। ਪਰ ਸਾਹਿਤ ਸਭਾ ਹੁਸ਼ਿਆਰਪੁਰ ਦੇ ਮੈਂਬਰਾਂ ਦੀ ਸਾਂਝੀ ਕਾਵਿ-ਪੁਸਤਕ ਦੀ ਸੰਪਾਦਨਾ ਦੇ ਸਬੰਬ ਸਮੇਂ ਜਦੋਂ ਮੈਂ ਦਾਸ ਭਾਰਤੀ ਦੀਆਂ ਕਵਿਤਾਵਾਂ ਦੇ ਰੂ-ਬ-ਰੂ ਹੋਇਆ ਤਾਂ ਮੈਂ ਇਨ੍ਹਾਂ ਦੀ ਪਕੜ ਤੋਂ ਅਛੋਹ ਨਾ ਰਹਿ ਸਕਿਆ। ਕਵੀ ਦੇ ਸਮੁੱਚੇ ਆਪੇ ਵਾਂਗ ਸਾਦ-ਮੁਰਾਦੀ ਦਿੱਖ ਵਾਲੀ ਇਸ ਕਵਿਤਾ 'ਚੋਂ ਮੈਨੂੰ ਉਸ ਕਵਿਤਾ ਦੇ ਨੈਣ-ਨਕਸ਼ ਉੱਘੜਦੇ ਦਿਸੇ ਜਿਸਦੀ ਪੈੜ ਪ੍ਰਗਤੀਵਾਦੀ ਲਹਿਰ 'ਚੋਂ ਨਿਕਲ ਕੇ ਜੁਝਾਰ ਕਵਿਤਾ ਤੋਂ ਹੁੰਦੀ ਹੋਈ ਆਪਣੇ ਲਈ ਨਵੀਂ ਸਪੇਸ ਤਲਾਸ਼ ਕਰਦੀ ਹੈ। ਇਸ ਸਪੇਸ ਦਾ ਤਲਬਗਾਰ ਵਿਸ਼ਵੀਕਰਨ ਦੇ ਅਮਾਨਵੀ ਵਰਤਾਰਿਆਂ 'ਚੋਂ ਆਪਣੀ ਕਾਇਆ ਦਾ ਸੋਹਲ ਕੱਚ ਲੈ ਕੇ ਤੁਰ ਰਿਹਾ ਹੈ। ਉਸ ਦਾ ਆਪਣਾ ਫ਼ਿਕਰ ਹੈ ਕਿ ਕੱਚ ਵਰਗੀ ਇਹ ਕਾਇਆ ਨਾਲ ਉਹ ਗਲੋਬਲੀ 'ਮਾਇਆ' ਨੂੰ ਚਕਮਾ ਦੇ ਕੇ ਸਹਿਜ, ਸੁਹਜ ਅਤੇ ਸੰਵੇਦਨਾ ਨੂੰ ਬਚਾ ਲਵੇ। ਕਵੀ ਆਪਣੇ ਇਸ ਫ਼ਿਕਰ ਨੂੰ ਆਪਣੀ ਕਵਿਤਾ 'ਚ ਇੰਜ ਪੇਸ਼ ਕਰ ਰਿਹਾ ਹੈ—

ਭਾਵੇਂ ਰਸਤੇ ਵਿਚ ਬੈਠਾ ਸੀ ਬਜ਼ਾਰ
ਬਹ ਰੂਪੀਆਂ ਦਾ ਉਹ ਵੀ ਯਾਰ
ਮੋਢਿਆਂ ਤੇ ਹੋਣਾ ਚਾਹੁੰਦਾ ਸੀ ਸਵਾਰ
ਪਰ ਔਖੇ ਸੌਖੇ ਕਰ ਲਿਆ
ਮੈਂ ਵੀ ਉਹ ਪਾਰ
ਪਰ ਪੱਥਰਾਂ ਨੇ ਲਈ ਹੈ
ਹੁਣ ਮਨ 'ਚ ਧਾਰ
ਦੁੱਖ ਭੁੱਖ ਸੰਵੇਦਨਾ ਤੇ ਮੋਹ ਪਿਆਰ
ਨਵੇਂ ਖੇਤਰ ਦੇ ਨਵੇਂ ਨੇ ਕਾਰੋਬਾਰ
ਵਿਸ਼ਵ ਮੰਡੀ ਦਾ ਵਪਾਰ...........
ਪਰ ਮੈਂ ਅੱਜ ਪੱਥਰਾਂ 'ਚੋਂ
ਚਸ਼ਮੇ ਭਾਲਣੇ ਨੇ
ਦੁੱਖ, ਭੁੱਖ, ਸੰਵੇਦਨਾ ਤੇ ਮੋਹ ਪਿਆਰ ਦੇ

ਸੁਪਨੇ ਪਾਲਣੇ ਨੇ
ਮਾਲ ਮੰਡੀ ਦਾ ਬਣਨ ਤੋਂ ਟਾਲਣੇ ਨੇ........

(ਪੱਥਰ ਯੁੱਗ ਤੋਂ ਪੱਥਰ ਤੱਕ)

ਭਾਰਤੀ ਦੀ ਕਵਿਤਾ 'ਨਿਆਂ ਦੀ ਦੇਵੀ', 'ਮਨੁੱਖ ਹੋਣ ਦਾ ਸੰਤਾਪ', 'ਗੂੰਗੀ', 'ਲਾਰੀ ਵਿਚ ਪ੍ਰਦੇਸੀ' ਅਤੇ 'ਸਮਕਾਲ' ਉਸ ਦੀ ਤਿੱਖੀ ਸਮਾਜਿਕ ਸੂਝ ਦਾ ਪ੍ਰਗਟਾ ਹੈ। ਪਹਿਲੀ ਨਜ਼ਰੇ ਭਾਵੇਂ ਇਨ੍ਹਾਂ ਕਵਿਤਾਵਾਂ ਦੀ ਕਾਵਿ-ਭੂਮੀ ਭਾਵੇਂ ਬੜਬੋਲੀ ਦੇ ਬਿਆਨ ਤਿੱਖਾ ਨਜ਼ਰ ਆਉਂਦਾ ਹੈ ਪਰ ਇਨ੍ਹਾਂ ਦੀ ਤਹਿ 'ਚ ਪਿਆ ਕਟਾਖ਼ਸ਼ ਇਨ੍ਹਾਂ ਕਵਿਤਾਵਾਂ ਨੂੰ ਅਮੋੜ ਰੋਹ ਦੀ ਥਾਂ ਗਹਿਰੇ ਮਾਨਵੀ ਮੋਹ ਨਾਲ ਜੋੜਦਾ ਹੈ। ਇਹ ਗਹਿਰੀ ਮਾਨਵੀ ਸੰਵੇਦਨਾ ਹੀ ਉਸਦੀ ਕਵਿਤਾ ਨੂੰ ਕਿਸੇ ਉਭਾਰ ਜਾਂ ਲਹਿਰ ਨਾਲ ਅੰਤਰ-ਸੰਬੰਧਿਤ ਕਰਨ ਦੀ ਥਾਂ ਉਸਦੇ ਮਾਨਵੀ ਸਰੋਕਾਰਾਂ ਨੂੰ ਕਾਵਿ ਕਰਮ 'ਚ ਰੁਪਾਂਤਰ ਕਰਦੀ ਹੈ। ਭਾਰਤੀ ਦੀ 'ਹਥਿਆਰ' ਨਾਂ ਦੀ ਕਵਿਤਾ ਉਸ ਦੇ ਇਸੇ ਅੰਦਾਜ਼ ਨੂੰ ਭਾਵਪੂਰਤ ਢੰਗ ਨਾਲ ਬਿਆਨ ਕਰਦੀ ਹੈ—ਜਿਸ ਵਿਚ ਕਵੀ ਕਲਮ ਅਤੇ ਬਾਰੂਦ ਦੇ ਵਿਰੋਧੀ ਗੁੱਟ ਸਿਰਜ ਕੇ, ਆਪਣੀ ਸਾਂਝ ਕਲਮ ਨਾਲ ਜੋੜਦਾ ਹੈ, ਜੋ ਸਿਰਜਣਾ ਦਾ ਪ੍ਰਤੀਕ ਹੈ। ਪਰ ਕਵੀ ਨੂੰ ਇਹ ਵੀ ਇਲਮ ਹੈ ਕਿ ਇਸ ਕਲਮ ਨੇ ਇਕ ਪੜਾਅ 'ਤੇ ਆ ਕੇ 'ਕਟਾਰ' 'ਚ ਬਦਲ ਜਾਣਾ ਹੈ। ਸ਼ਬਦ ਦੀ ਸ਼ਕਤੀ ਦਾ ਇਹ ਪ੍ਰਗਟਾ ਕਵੀ ਇਸ ਤਰ੍ਹਾਂ ਕਰਦਾ ਹੈ—

ਹੁਣ ਮੈਂ ਕਲਮ ਨੂੰ
ਫਿਰ ਘੜਾਂਗਾ
ਨ੍ਹੇਰੇ ਦੇ ਖਿਲਾਫ਼ ਖੜਾਂਗਾ
ਕਿਉਂਕਿ ਮਾੜਿਆਂ ਸਮਿਆਂ ਦੇ
ਗੰਧਲੇ ਦਿਨਾਂ 'ਚ
ਨ੍ਹੇਰ ਦੇ ਕਿਲ੍ਹਿਆਂ ਲਈ
ਕਲਮ ਕਟਾਰ ਹੁੰਦੀ ਹੈ
ਇੱਕ ਹਥਿਆਰ ਹੁੰਦੀ ਹੈ.......

(ਹਥਿਆਰ)

ਕਵੀ ਮਾਨਵ ਵਿਰੋਧੀ ਵਰਤਾਰਿਆਂ ਖਿਲਾਫ਼ ਵਿਦਰੋਹ ਦਾ ਅਹਿਦ ਤਾਂ ਕਰਦਾ ਹੈ। ਪਰ ਉਸਦਾ ਇਹ ਵਿਦਰੋਹ ਨਾ ਤਾਂ ਨਕਸ਼ਹੀਣ ਬੇ ਸਿਰ-ਪੈਰ ਭੀੜ ਦਾ ਹਿੱਸਾ ਹੈ ਤੇ ਨਾ ਹੀ ਕਿਸੇ ਧਰਮ ਧੜ੍ਹੇ ਦੀ ਉਲਾਰ ਮਾਨਸਿਕਤਾ ਦਾ ਖ਼ਰੂਦੀ ਵਰਤਾਰਾ ਹੀ। ਬਹੁਤ ਹੀ ਸਜੱਗ ਤੇ ਚੇਤੰਨ ਮਾਨਵੀ ਸੋਚ ਦਾ ਜ਼ਾਮਨ ਭਾਰਤੀ, ਅੰਨੇ-ਨਿਸ਼ਾਨਚੀਆਂ ਦੀ ਭਰਾ ਮਾਰੂ ਸੂਰਮਗਤੀ 'ਤੇ ਸਵਾਲੀਆ ਚਿੰਨ੍ਹ ਲਾ ਕੇ ਸਪੱਸ਼ਟ ਰੂਪ 'ਚ 'ਹੋਕਾ' ਨਾਂ ਦੀ ਕਵਿਤਾ 'ਚ ਕਹਿੰਦਾ ਹੈ........

ਕਿਸ ਯੁੱਧ ਲਈ ਚੁੱਕੀਆਂ ਤਲਵਾਰਾਂ
ਕਿਸ ਰਣ ਲਈ ਜੈਕਾਰੇ

ਕਮਲੇ ਬੇਦਿਉ ਚੁੱਕ ਵਿੱਚ ਆ ਕੇ
ਆਪਣੇ ਹੀ ਘੱਤ ਮਾਰੇ।

........

ਪਹਿਲਾਂ ਆਪਣੀ ਧਿਰ ਨੂੰ ਸਮਝੋ
ਦੁਸ਼ਮਣ ਫੇਰ ਚਿਤਾਰੋ
ਚੋਰ ਤਾਂ ਭਾਵੇਂ ਛੁੱਪ ਕੇ ਬਚ ਜਾਏ
ਪਰ ਉਸ ਦੀ ਮਾਂ ਮਾਰੋ।

ਦਾਸ ਭਾਰਤੀ ਆਪਣੀ ਕਵਿਤਾ ਵਿਚ ਭਾਰਤੀ ਸਮਾਜ ਦੇ ਉਸ ਅਖੌਤੀ ਮਾਨਵਵਾਦੀ ਦਿੱਖ ਵਾਲੇ ਮਖੌਟੇ ਉੱਤੇ ਵੀ ਪ੍ਰਹਾਰ ਕਰਦਾ ਹੈ ਜਿਸਦੀ ਬਾਹਰੀ ਬਣਤਰ 'ਚ ਤਾਂ ਆਦਰਸ਼ਵਾਦ ਦੀ ਮੋਟੀ ਤਹਿ ਹੈ ਪਰ ਹੇਠਲੀਆਂ ਪਰਤਾਂ ਦੇ ਵਰਣ ਵਿਵਸਥਾ ਤੇ ਲਿੰਗ ਭੇਦ ਦੇ ਵਿਤਕਰਿਆਂ ਮਹੀਨ ਪਰਤਾਂ ਹਨ, ਜਿਨ੍ਹਾਂ ਨੂੰ ਹਰ ਕਾਬਜ਼ ਜਮਾਤ ਆਪਣੇ ਹਿੱਤ ਅਨੁਕੂਲ ਵਰਤ ਰਹੀ ਹੈ। 'ਸਮਿਆਂ ਦੇ ਸਨਮੁੱਖ' ਦੀ ਕਵਿਤਾ ਦਾ ਕਵੀ-ਆਪਣੀ ਕਵਿਤਾ ਦੇ ਥੀਮੈਟਿਕ ਪਾਸਾਰ 'ਚ ਇੱਕ ਨਵਾਂ ਪਾਸਾਰ ਪ੍ਰਕਿਰਤੀ ਦੀ ਸਦੀਵਤਾ ਦੇ ਚਿੱਤਰ ਪੇਸ਼ ਕਰਕੇ ਕਰਦਾ ਹੈ। ਪ੍ਰਕਿਰਤੀ ਦਾ ਇਹ ਪਾਸਾਰ ਭਾਵੇਂ ਪੰਜਾਬੀ ਕਵਿਤਾ ਲਈ ਨਵਾਂ ਨਹੀਂ ਹੈ। ਪਰ ਮਸ਼ੀਨੀਕਰਨ ਦੀ ਲਪੇਟ 'ਚ ਆਏ ਆਮ ਆਦਮੀ ਦੀ ਸੰਵੇਦਨਾ ਮਸ਼ੀਨ ਨੇ ਸੋਖ ਲਈ ਹੈ। ਇਸੇ ਸੰਵੇਦਨਾ ਦੇ ਕੁਝ ਤਰਲ-ਬਿੰਬ ਇਨ੍ਹਾਂ ਕਵਿਤਾਵਾਂ 'ਚ ਤਾਜ਼ਗੀ ਦਾ ਅਹਿਸਾਸ ਹਨ।

ਵਿਚਾਰ-ਅਧੀਨ ਪੁਸਤਕ ਦੀਆਂ ਸਰੋਦੀ ਕਵਿਤਾਵਾਂ 'ਇਸ਼ਕ', 'ਰਾਤ ਚਾਨਣੀ', 'ਉਲਟੇ ਵਹਿਣ', 'ਅੱਥਰੂ ਨਾ ਕੇਰ', 'ਖੇਡਣ ਦੇ ਦਿਨ ਚਾਰ' ਆਪਣੀ ਕਾਵਿ ਭਾਸ਼ਾ ਅਤੇ ਕਾਵਿ ਰਸ ਕਾਰਨ ਲੋਕ ਗੀਤਾਂ ਦੇ ਪ੍ਰਭਾਵ ਸਿਰਜਦੀਆਂ ਹਨ। ਇਨ੍ਹਾਂ ਦੇ ਭਾਵ-ਸ਼ਬਦ ਅਤੇ ਸਹਿਜ ਸੰਚਾਰ ਨੇ ਇਨ੍ਹਾਂ ਨੂੰ ਗੀਤ-ਕਾਵਿ ਦੇ ਅੰਗ ਸੰਗ ਰੱਖਿਆ ਹੈ। ਭਾਰਤੀ ਦਾ ਇਹ ਕਾਵਿ ਸੰਗ੍ਰਹਿ ਉਨ੍ਹਾਂ ਪਾਠਕਾਂ ਲਈ ਇੱਕ ਨਰੋਆ ਵਾਧਾ ਹੈ ਜਿਨ੍ਹਾਂ ਲਈ ਕਵਿਤਾ ਸੋਹਜ ਤੇ ਸਮਝ ਦਾ ਸੁਮੇਲ ਹੈ।

—ਮਦਨ ਵੀਰਾ
ਮੀਡੀਆ ਕੇਵ,
82, ਸ਼ਾਲੀਮਾਰ ਨਗਰ
ਜੋਧਾਮੱਲ ਰੋਡ
ਹੁਸ਼ਿਆਰਪੁਰ।

# ਹਰਫ਼ਾਂ ਦੇ ਚਿਰਾਗ਼

ਕਵਿਤਾ ਲਿਖਣ ਦੇ ਆਪਣੇ ਅਭਿਆਸੀ ਪੜਾਅ 'ਤੇ ਨਜ਼ਰ ਮਾਰਦਿਆਂ ਮੈਂ ਯਾਦ ਕਰਦਾ ਹਾਂ ਕਿ ਮੈਂ ਸ਼ਾਇਦ ਉਦੋਂ ਸਤਰਾਂ ਜੋੜਨੀਆਂ ਸ਼ੁਰੂ ਕੀਤੀਆਂ ਜਦੋਂ ਮੇਰੀਆਂ ਬੇਟੀਆਂ ਆਪਣੀ ਦਾਦੀ ਮਾਂ ਤੋਂ ਲੋਰੀਆਂ ਸੁਣਦੀਆਂ ਸੁਣਦੀਆਂ ਵੱਡੀਆਂ ਹੋ ਰਹੀਆਂ ਸਨ। ਫਿਰ ਉਹ ਆਪਣੇ ਸਕੂਲੀ ਸਿਲੇਬਸ ਦੀਆਂ ਕਵਿਤਾਵਾਂ ਰਟਦੀਆਂ ਹੋਈਆਂ ਜਦੋਂ ਜ਼ਿੱਦ ਨਾਲ ਇੱਕ ਦੂਜੀ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦੀਆਂ ਤਾਂ ਮੈਂ ਸ਼ਰਾਰਤ ਵਜੋਂ ਉਨ੍ਹਾਂ ਦੇ ਰਟੇ ਰਟਾਏ ਤੁਕਾਂਤ 'ਚ ਕੁਝ ਨਵੇਂ ਸ਼ਬਦ ਅਤੇ ਤੁਕਾਂਤ ਜੋੜ ਦਿੰਦਾ। ਇੱਕ ਵਾਰ ਮੈਂ ਦੋਨਾਂ ਬੇਟੀਆਂ ਦੀ ਮਦਦ ਨਾਲ ਕਈ ਕਵਿਤਾਵਾਂ ਉਨ੍ਹਾਂ ਦੇ ਮਨਪਰਚਾਵੇ ਲਈ ਜੋੜ ਦਿੱਤੀਆਂ। ਫੇਰ ਉਨ੍ਹਾਂ ਦੀ ਰੁਟੀਨ ਦੀ ਪੜ੍ਹਾਈ ਤੇ ਮੇਰੇ ਸਿਰ ਪਈ ਕਬੀਲਦਾਰੀ ਦੇ ਬੋਝ 'ਚ ਇਹ ਸਭ ਕੁਝ ਸਮੇਂ ਲਈ ਅੱਗੇ ਪਿੱਛੇ ਹੋ ਗਿਆ।

ਅਧਿਆਪਨ ਨਾਲ ਜੁੜਿਆ ਹੋਣ ਕਾਰਨ ਵਿਦਿਅਕ ਮੁਕਾਬਲਿਆਂ ਦੀ ਲੋੜ ਕਰਕੇ ਸਮੇਂ ਸਮੇਂ ਮੈਂ ਕੁਝ ਕਵਿਤਾਵਾਂ ਹੋਰ ਵੀ ਲਿਖੀਆਂ। ਪਰ ਮੈਂ ਇਨ੍ਹਾਂ ਕਵਿਤਾਵਾਂ ਬਾਰੇ ਕਦੇ ਸੀਰੀਅਸ ਨਹੀਂ ਹੋਇਆ। ਹਾਂ ਬਤੌਰ ਪਾਠਕ ਮੈਂ ਪੜ੍ਹਨਾ ਪੜ੍ਹਾਉਣਾ ਜਾਰੀ ਰੱਖਿਆ। ਸ਼ਾਇਦ ਇਸ ਪਾਠਕੀ ਪ੍ਰਕਿਰਿਆ ਦਾ ਹੀ ਅਸਰ ਸੀ ਕਿ ਮੈਨੂੰ ਅੱਛੇ ਕਵੀਆਂ ਨੂੰ ਪੜ੍ਹਨ ਦਾ ਮੌਕਾ ਮਿਲ ਗਿਆ। ਫੇਰ ਇਨ੍ਹਾਂ ਦੋਸਤਾਂ ਦੀ ਪ੍ਰੇਰਨਾ ਅਤੇ ਉਤਸ਼ਾਹ ਹੀ ਮੈਨੂੰ ਮੇਰੀਆਂ ਗੁੰਮੀਆਂ ਗਵਾਚੀਆਂ ਡਾਇਰੀਆਂ ਤੱਕ ਲੈ ਗਿਆ ਤੇ ਇਹ ਡਾਇਰੀਆਂ ਹੀ ਸਨ ਜਿਨ੍ਹਾਂ 'ਚ ਮੇਰੀਆਂ ਧੀਆਂ ਦੀਆਂ ਆਲ਼ੀਆਂ ਭੋਲ਼ੀਆਂ 'ਕਵਿਤਾਵਾਂ' ਪਈਆਂ ਸਨ। 'ਖੇਡਣ ਦੇ ਦਿਨ ਚਾਰ', 'ਨਸ਼ਿਆਂ ਦਾ ਕੋਹੜ' ਅਤੇ 'ਧੀਆਂ ਨੇ ਪਾ ਕੇ ਮੰਜ਼ਲਾਂ' ਵਾਲਾ ਗੀਤ ਮੇਰੇ ਉਸੇ ਪੜਾਅ ਦੀਆਂ ਤਰਜ਼ਮਾਨ ਰਚਨਾਵਾਂ ਹਨ।

ਅੱਜ ਜਦੋਂ ਕਵਿਤਾਵਾਂ ਦੇ ਇਸ ਸੰਗ੍ਰਹਿ ਲਈ ਮੈਂ ਖਰੜਾ ਤਿਆਰ ਕਰ ਰਿਹਾ ਹਾਂ ਉਸ ਵਿਚ ਇੱਕ ਕਵਿਤਾ ਮੇਰੇ ਆਪਣੇ ਬੇਟੇ ਲਈ ਵੀ ਹੈ, ਜੋ ਅਸਲ 'ਚ ਮੈਂ ਉਸ ਲਈ ਫ਼ਿਕਰ ਕਰਦਿਆਂ 'ਡਾਇਰੀ ਦੇ ਸਫ਼ੇ' ਦੇ ਰੂਪ 'ਚ ਲਿਖੀ ਸੀ—ਤੇ ਇਸੇ ਤਰ੍ਹਾਂ ਦੇ ਪ੍ਰਭਾਵ ਮੈਂ ਆਪਣੀ ਪਤਨੀ ਲਈ ਡਾਇਰੀ 'ਚ ਲਿਖੇ ਸਨ ਜੋ ਬਾਅਦ 'ਚ ਕਵਿਤਾ 'ਚ ਲਿਖੇ ਗਏ। ਮੇਰੇ ਲਈ ਮੇਰੇ ਕਵੀ ਹੋਣ ਦਾ ਅਰਥ—ਮੇਰੇ ਘਰ ਨਾਲ ਪਰਿਵਾਰ ਨਾਲ ਤੇ ਸਮਾਜ ਨਾਲ ਜੁੜਿਆ ਹੋਇਆ ਹੋਣਾ ਹੈ। ਪਰ ਮੈਂ ਆਪਣੇ ਕਾਵਿ-ਕਰਮ ਲਈ ਆਪਣੀਆਂ ਧੀਆਂ ਦਾ ਰਿਣੀ ਹਾਂ ਜਿਨ੍ਹਾਂ ਨੇ ਆਪਣੀ ਉੱਚ ਯੋਗਤਾ ਤੇ ਅਹੁਦਿਆਂ ਨਾਲ ਮੇਰਾ ਅਤੇ ਪਰਿਵਾਰ ਦਾ ਨਾਂ ਵੀ ਰੋਸ਼ਨ ਕੀਤਾ ਹੈ ਅਤੇ ਮੈਨੂੰ ਵੀ ਹਰਫ਼ਾਂ ਦੇ ਰੋਸ਼ਨ ਚਿਰਾਗ਼ ਦੇ ਕੇ ਕਵਿਤਾ ਦੇ ਰਾਹ ਤੋਰਿਆ ਹੈ।

—ਦਾਸ ਭਾਰਤੀ

94640-56901

# ਔਰਤ

ਨੂਰ ਜਨਮ ਦੀ-ਨੂਰ ਸਿਰਜਦੀ
ਔਰਤ ਦੀ ਕੁੱਖ ਬਾਂਝ ਨਹੀਂ ਹੁੰਦੀ
ਭਾਗਾਂ ਭਰੀ ਧਰਤੀ ਦੇ ਵਾਂਗਰ
ਸਾਹ ਲੈਂਦੀ ਪੂਰੀ ਪ੍ਰਕਿਰਤੀ
ਸੈਆਂ ਸੁਪਨੇ ਲੱਖਾਂ ਸੱਧਰਾਂ
ਤਨ-ਮਨ ਅੰਦਰ ਸਦਾ ਹੀ ਮੌਲਣ
ਪਰ ਰੱਬ ਦੇ ਬੰਦੇ
ਸੂਝੋਂ ਸੱਖਣੇ
ਸਾਜਣਹਾਰੀ-ਸਿਰਜਣ ਵਾਲੀ
ਭਾਗਾਂ-ਭਰੀ ਨੂੰ ਜ਼ਰਾ ਨਾ ਗੌਲ਼ਣ
ਧਰਤੀ ਤੇ ਜੀਵਨ ਦਾ ਨਾਤਾ
ਔਰਤ ਬਿਨ ਨਾ ਕਿਸੇ ਪਛਾਤਾ
ਪਰ ਜੇ ਕੁੱਖ ਨੂੰ ਕਬਰ ਬਨਾਉਣਾ
ਧੀ ਨੂੰ ਕੁੱਖ ਵਿੱਚ ਮਾਰ ਮੁਕਾਉਣਾ
ਜੇ ਔਰਤ-ਮੱਥੇ
ਹੱਫ਼ਲ ਵੇਲ ਦਾ
ਦਾਗ ਸਜਾਉਣਾ
ਤਾਂ ਧਰਤੀ ਦੇ
ਤਾਂ ਔਰਤ ਦੇ
ਸੀਨੇ ਵਿਚੋਂ ਫਟੂ ਜਵਾਲਾ
ਆਊ ਉਬਾਲਾ
ਝੁਲਸ ਜਾਣੇ ਨੇ ਵਣ-ਤ੍ਰਿਣ ਸਾਰੇ
ਰੁੱਸ ਜਾਣੇ ਰੱਬੀ ਭੰਡਾਰੇ
ਪਰਲੋ ਦੇ ਪਹਿਰੇ ਤੋਂ ਪਹਿਲਾਂ
ਇਸ ਸੰਕਟ ਗਹਿਰੇ ਤੋਂ ਪਹਿਲਾਂ
ਦਾਨੇ ਸੱਜਣੋਂ
ਫ਼ਰਜ਼ ਪਛਾਣੋਂ
ਸਿਰਜਣ ਹਾਰੀ ਜੱਗ ਜਣਨੀ ਦੀ
ਅਜ਼ਮਤ ਘੱਟੇ ਵਿੱਚ ਨਾ ਛਾਣੋ।

## ਨਿਆਂ ਦੀ ਦੇਵੀ

ਹੁਣ ਤਾਂ ਪੱਟੀ ਖੋਲ੍ਹ
ਨਿਆਂ ਦੀ ਦੇਵੀ ਬਹੁਤ ਹੋ ਗਿਆ
ਖੋਲ੍ਹ ਢੋਲ ਦਾ ਪੋਲ

ਹੱਕ ਸੱਚ ਦਾ ਕਰ ਨਿਤਾਰਾ
ਬਹੁਤ ਹੋ ਗਿਆ ਲੂਣਾ ਖਾਰਾ
ਹੁਣ ਤਾਂ ਮੁੱਖ ਤੋਂ ਬੋਲ
ਹੁਣ ਤਾਂ ਪੱਟੀ ਖੋਲ੍ਹ

ਕਾਲੇ ਅੱਖਰ, ਕਾਲੀ ਬਾਣੀ
ਜਾਤ ਇਹਨਾਂ ਦੀ ਆਦਮ ਖਾਣੀ
ਦਿੱਤੀਆਂ ਜਿੰਦਾਂ ਰੋਲ
ਹੁਣ ਤਾਂ ਪੱਟੀ ਖੋਲ੍ਹ

ਵੋਟਾਂ ਨੋਟਾਂ ਦੇ ਵਣਜਾਰੇ
ਮਾਨਵਤਾ ਦੇ ਇਹ ਹਤਿਆਰੇ
ਭਰਦੇ ਆਪਣੀ ਝੋਲ੍ਹ
ਹੁਣ ਤਾਂ ਪੱਟੀ ਖੋਲ੍ਹ

ਬੱਕਰੇ ਨੇ ਬੋਹਲਾਂ ਦੀ ਰਾਖੀ
ਬੋਲਣ ਵਾਲੀ ਜੀਭ ਹੈ ਠਾਕੀ
ਜ਼ਿੰਦਗੀ ਨਾਲ ਮਖੌਲ
ਹੁਣ ਤਾਂ ਪੱਟੀ ਖੋਲ੍ਹ

'ਦਾਸ ਭਾਰਤੀ' ਦਾ ਇਹ ਕਹਿਣਾ
ਸਿਤਮ ਹੋਰ ਲੋਕਾਂ ਨਹੀਂ ਸਹਿਣਾ
ਸਮਾਂ ਰਿਹਾ ਪਰ ਤੋਲ
ਹੁਣ ਤਾਂ ਪੱਟੀ ਖੋਲ੍ਹ।

# ਪੱਥਰ ਯੁੱਗ ਤੋਂ ਪੱਥਰ ਤੱਕ

(ਪਿਆਰੇ ਜੈ ਚੰਦਰ ਲਈ ਜੋ ਪੱਥਰਾਂ ਦੇ ਸ਼ਹਿਰ ਨੂੰ
ਮਰਮਰੀ ਜੰਗਲ ਕਹਿੰਦਾ ਹੈ)

ਪੱਥਰਾਂ ਦਾ ਸ਼ਹਿਰ ਹੈ
ਤੇ ਸੋਹਲ ਕਾਇਆ ਕੱਚ ਦੀ
ਮੈਂ ਬਚਾਵਾਂਗਾ ਹੋਂਦ ਆਪਣੀ
ਜਦੋਂ ਤੀਕਰ ਬਚਦੀ
ਉਂਜ ਤਾਂ ਕੀਤੇ ਬਹੁਤ ਹੀਲੇ
ਜੋੜ ਕੇ ਸਾਰੇ ਵਸੀਲੇ
ਪਰ ਪੱਥਰਾਂ ਦੇ ਨਾਗ ਜ਼ਹਿਰੀ
ਅਜੇ ਤੀਕ ਗਏ ਨਾ ਕੀਲੇ
ਇਹਨਾਂ ਪੱਥਰਾਂ ਦੇ ਜੰਗਲਾਂ ਵਿੱਚ
ਕੰਕਰੀਟ ਦੇ ਮੰਗਲਾਂ ਵਿੱਚ
ਭੇੜੀਏ ਦੇ ਦੰਦ ਤਿੱਖੇ
ਗੈਂਡਿਆਂ ਦੀ ਤੋੜ-ਤੁੰਬ ਤੋਂ
ਲੂੰਬੜਾਂ ਦੇ ਭੇੜ ਵਿਚੋਂ
ਚੁਰਾਸੀਆਂ ਦੇ ਗੇੜ ਵਿਚੋਂ
ਅਜੇ ਤਾਂ ਕੰਨੀ ਬਚਾ ਕੇ
ਵਿੰਗ ਪਾ ਕੇ
ਵਲ ਪਾ ਕੇ-ਭੱਜ ਆਇਆਂ
ਭਾਵੇਂ ਰਸਤੇ ਵਿੱਚ ਬੈਠਾ ਸੀ ਬਜ਼ਾਰ
ਬਹੁ ਰੂਪੀਆਂ ਦਾ ਉਹ ਵੀ ਯਾਰ
ਮੋਢਿਆਂ ਤੇ ਹੋਣਾ ਚਾਹੁੰਦਾ ਸੀ ਸਵਾਰ
ਪਰ ਔਖੇ ਸੌਖੇ ਕਰ ਲਿਆ

ਮੈਂ ਉਹ ਵੀ ਪਾਰ
ਪਰ ਪੱਥਰਾਂ ਨੇ ਲਈ ਹੈ
ਹੁਣ ਮਨ 'ਚ ਧਾਰ
ਦੁੱਖ ਭੁੱਖ ਸੰਵੇਦਨਾ ਤੇ ਮੋਹ ਪਿਆਰ
ਨਵੇਂ ਖੇਤਰ ਦੇ ਨਵੇਂ ਨੇ ਕਾਰੋਬਾਰ
ਵਿਸ਼ਵ ਮੰਡੀ ਦਾ ਵਪਾਰ...
ਪਰ ਮੈਂ ਅਜੇ ਪੱਥਰਾਂ 'ਚੋਂ
ਚਸ਼ਮੇ ਭਾਲਣੇ ਨੇ
ਦੁੱਖ, ਭੁੱਖ, ਸੰਵੇਦਨਾ ਤੇ ਮੋਹ ਪਿਆਰ ਦੇ ਸੁਪਨੇ ਪਾਲਣੇ ਨੇ
ਮਾਲ ਮੰਡੀ ਦਾ ਬਣਨ ਤੋਂ ਟਾਲਣੇ ਨੇ..........

## ਮਨੁੱਖ ਹੋਣ ਦਾ ਸੰਤਾਪ

ਮੈਂ ਤੜਫਦਾ ਤਰਸਦਾ ਹਾਂ
ਮਨੁੱਖ ਹੋਣ ਲਈ
ਇਸ ਜਾਮੇ ਦੀ ਚੋਣ ਲਈ
ਪਰ ਉਹ ਕਹਿੰਦੇ ਨੇ
ਤੇਰਾ ਜੰਮਣਾ
ਵਿਗਸਣਾ ਤੇ ਮੌਲਣਾ
ਅੱਲਾ ਦਾ ਕਰਮ ਹੈ
ਤੇ ਸੇਵਾ ਤੇਰਾ ਧਰਮ ਹੈ
ਇਸ ਧਰਮ ਨੂੰ ਪਾਲਦਾ
ਤਨ ਨੂੰ ਸਾੜਦਾ
ਮਨ ਨੂੰ ਬਾਲਦਾ
ਮੈਂ ਹਾਂ ਉਹਨਾਂ ਦੇ ਵਚਨ ਪਾਲਦਾ
ਜੇ ਮੈਂ ਬੋਲਦਾ ਹਾਂ
ਅੱਖ ਖੋਹਲਦਾ ਹਾਂ
ਕਦੇ ਪਰ ਤੋਲਦਾ ਹਾਂ
ਹੁਕਮ ਅਦੂਲੀ ਦਾ
ਸਿਰ ਮੇਰੇ ਇਲਜ਼ਾਮ ਆਉਂਦਾ ਹੈ
ਆਪਣੀ ਆਤਿਸ਼ੀ ਭਾਸ਼ਾ 'ਚ
ਉਹ ਮੈਨੂੰ ਕਾਲੀ ਭੇਡ ਕਹਿੰਦੇ ਨੇ
ਗੰਦੀ ਮਸ਼ਕਰੀ ਕਰਦੇ
ਮੈਨੂੰ ਢੇਡ ਕਹਿੰਦੇ ਨੇ
ਤੇ ਮੇਰੇ ਬੱਚਿਆਂ ਨੂੰ
'ਮੂੰਨਾ ਬਾਈ' ਦੀ ਖੇਡ ਕਹਿੰਦੇ ਨੇ।

## ਗੂੰਗੀ

ਮੈਂ ਗੂੰਗੀ ਹਾਂ
ਬੋਲ ਨਹੀਂ ਸਕਦੀ
ਖੰਭ ਹੀਣ
ਪਰ ਤੋਲ ਨਹੀਂ ਸਕਦੀ
ਆਪਣਾ ਦੁੱਖੜਾ ਕਹਿ ਨਹੀਂ ਸਕਦੀ
ਦਿਲ ਦਾ ਕੋਨਾ ਫੋਲ੍ਹ ਨਹੀਂ ਸਕਦੀ
ਬੋਲ ਸਕੀ ਤਾਂ
ਆਪਣਾ ਆਪ ਖੋਲ੍ਹ ਸਕੀ ਤਾਂ
ਨੀਲੇ ਗਿੱਦੜ
ਸ਼ਹਿਰਾਂ ਦੇ ਵਲ ਭੱਜ ਜਾਣੇ ਨੇ
ਸ਼ਹਿਰ ਬਨਾਰਸ ਦੇ ਵਣਜਾਰੇ
ਹਰ ਸ਼ਹਿਰ 'ਚੋਂ
ਲੱਭ ਜਾਣੇ ਨੇ
ਫਿਰ ਥਿੜਕਣੀ ਕੰਧ ਕੂੜ ਦੀ
ਧੁੰਦ ਭਰਮ ਦੀ ਜਨਮ ਕਰਮ ਦੀ
ਹਲਕੀ ਹੋ ਕੇ
ਹੌਲੀ ਹੋ ਕੇ
ਝੜ ਜਾਣੀ ਹੈ
ਧੌਲ ਦੇ ਸਿੰਗ ਤੇ ਘੁੰਮਦੀ ਧਰਤੀ
ਖੜ੍ਹ ਜਾਣੀ ਹੈ
ਮੈਂ ਬੋਲੀ ਤਾਂ
ਪੁੱਠੀ ਪੈਣੀ
ਇੱਟ ਮੋਰੀ ਦੀ ਕਿਸੇ ਚਬਾਰੇ
ਲਗ ਕੇ ਰਹਿਣੀ।

## ਕੰਜਕ

ਨਾ ਜਾਣਾ ਕੌਣ ਅੰਮਾਂ ਮੇਰੀ
ਕਿਹੜਾ ਧਰਮੀ ਬਾਪ
ਇਸ ਜੀਵਨ ਦੇ ਨਾਂ ਤੇ ਭੋਗਿਆ
ਸਖੀਏ ਨਿਰਾ ਸੰਤਾਪ।
ਕੰਜਕ ਕੁਆਰੀ ਕਾਇਆ ਮੇਰੀ
ਦੋ ਟੁੱਕ ਦੇ ਵਿੱਚ ਰੋਲੀ
ਹੱਡਾ ਰੋੜੀ ਦੇ ਵਹਿਸ਼ੀ ਕੁੱਤੇ
ਮੱਲ ਬੈਠੇ ਮੇਰੀ ਖੋਲ਼ੀ।
ਰਾਸ਼ਨ ਕਾਰਡ ਦੇ ਇਵਜ਼ 'ਚ ਮੈਨੂੰ
ਬਾਬੂ ਸਦਾ ਬੁਲਾਵੇ
ਥਾਣਾ ਅਤੇ ਕਚਹਿਰੀ ਵੀ
ਮੇਰੇ ਤਨ ਤੇ ਠੱਪੇ ਲਾਵੇ।
ਇਕ ਅਬਲਾ ਦੁਖਿਆਰੀ ਦੇ
ਤੂੰ ਕੇਹੇ ਲਿਖੇ ਨੇ ਲੇਖ
ਕੰਜਕ ਪੂਜਣ ਵਾਲੜਿਆ
ਕਿਤੇ ਕੰਜਕ ਬਣ ਕੇ ਦੇਖ।

## ਰੱਬ ਦੇ ਵਪਾਰੀ

ਨਹੀਂ ਮੈਂ ਵਿਸ਼ਵ ਵਪਾਰ ਦੀ
ਗਲ ਨਹੀਂ ਕਰਦਾ
ਨਹੀਂ, ਮੈਂ ਪਿਆਰ ਦੇ ਨਾਂ ਤੇ ਪਲਦੇ
ਧੰਦੇ ਦੇ ਨਾਂ ਤੇ ਚਲਦੇ ਪਿਆਰ ਦੀ
ਗਲ ਨਹੀਂ ਕਰਦਾ
ਮੈਂ ਗਲ ਕਰਦਾ ਹਾਂ
ਧਰਮ ਦੇ ਨਾਂ ਤੇ ਫੈਲਦੇ
ਪੁੰਨ ਦੇ ਨਾਂ ਤੇ ਫਲਦੇ
ਹਰ ਮਾਸੂਮ ਨੂੰ ਛਲਦੇ
ਵਪਾਰ ਦੀ ਗਲ ਕਰਦਾ ਹਾਂ
ਜਦ ਆਸਥਾ 'ਚ ਰੁੜ ਜਾਂਦੀ ਹੈ
ਲਚਾਰ ਬਾਪ ਦੀ ਪੱਗ
ਪਰ ਸਮਾਧੀ ਦੀ ਮੁਦਰਾ 'ਚ
ਮੁਸਕਰਾਂਦਾ ਹੈ ਸੱਜਣ ਠੱਗ
ਮੈਂ ਉਸਦੇ ਕਸਬ ਦੀ ਗਲ ਕਰਦਾ ਹਾਂ
ਮੈਂ ਗਲ ਕਰਦਾ ਹਾਂ
ਗੋਲਕ ਨੂੰ, ਘਰ ਦੀ ਤਜ਼ੋਰੀ ਵਾਂਗ ਵਰਤਦੇ
ਮਾਇਆ ਨੂੰ
ਮੋਹਨੀ ਕਹਿਣ ਦਾ ਦੰਭ ਕਰਦੇ
ਪਖੰਡ ਕਰਦੇ ਅਖੌਤੀ ਪੁਜਾਰੀਆਂ ਦੀ
ਨੀਲੇ ਗਿੱਦੜ ਵਰਗੇ ਲਲਾਰੀਆਂ ਦੀ
ਰੱਬ ਦੇ ਵਪਾਰੀਆਂ ਦੀ.......

## ਹੋਕਾ

ਕਿਸ ਯੁੱਧ ਲਈ ਚੁੱਕੀਆਂ ਤਲਵਾਰਾਂ
ਕਿਸ ਰਣ ਲਈ ਜੈਕਾਰੇ
ਕਮਲੇ ਬੰਦਿਉ ਚੁੱਕ ਵਿਚ ਆ ਕੇ
ਆਪਣੇ ਹੀ ਘੱਤ ਮਾਰੇ।
ਨਾਰਾਂ ਦੇ ਹੱਥਾਂ ਦੀ ਮਹਿੰਦੀ
ਹੋਈ ਲਹੂ ਨਾਲ ਗੂਹੜੀ
ਹੱਸਦੇ ਵੱਸਦੇ ਘਰਾਂ ਵਿਚ ਵਿੱਛ ਗਈ
ਚੰਦਰੀ ਸੋਗ ਦੀ ਫੂਹੜੀ।
ਧਰਮ ਦੇ ਪੱਤੇ, ਜਾਤ ਦੇ ਰੱਫੜ
ਰੰਗ ਨਸਲ ਦੇ ਤਾਹਨੇ
ਅੰਨ੍ਹੇ ਜੋਸ਼ 'ਚ ਹੋਸ਼ ਗੁਆ ਕੇ
ਬੰਨ੍ਹੇ ਸ਼ਹੀਦੀ ਗਾਨੇ।
ਸੜੀ ਸਿਆਸਤ ਦੇਸ਼ ਮੇਰੇ ਦੀ
ਇਸ ਦਾ ਕਰੋ ਵਸਾਹ ਨਾ
ਬੰਦ ਗਲੀ ਦੇ ਇਸ ਰਸਤੇ ਤੇ
ਜੋ ਤੁਰਿਆ ਉਸਨੂੰ ਰਾਹ ਨਾ।
ਪਹਿਲਾਂ ਆਪਣੀ ਧਿਰ ਨੂੰ ਸਮਝੋ
ਦੁਸ਼ਮਣ ਫੇਰ ਚਿਤਾਰੋ
ਚੋਰ ਤਾਂ ਭਾਵੇਂ ਛੁੱਪ ਕੇ ਬਚ ਜਾਏ
ਪਰ ਉਸਦੀ ਮਾਂ ਮਾਰੋ।

# ਅਹਿਦ

ਪੈਰ ਜੋ ਪੁੱਟ ਲਏ ਨੇ
ਹਥਿਆਰ ਜੋ ਚੁੱਕ ਲਏ ਨੇ
ਤਾਂ ਪਿੱਛੇ ਮੁੜ ਨਹੀਂ ਸਕਦੇ
ਰਾਹਾਂ 'ਚ ਖੜ੍ਹ ਨਹੀਂ ਸਕਦੇ
ਉਦੋਂ ਤੱਕ ਰੁਕ ਨਹੀਂ ਸਕਦੇ
ਜਦੋਂ ਤੱਕ ਰੋਕਣ ਵਾਲੇ
ਹਿੱਕਾਂ ਵਿੱਚ ਕਿੱਲ ਠੋਕਣ ਵਾਲੇ
ਮਿੱਟੀ ਵਿੱਚ ਰਲ ਨਹੀਂ ਜਾਂਦੇ
ਰੋਸ ਵਿੱਚ ਸੜ ਨਹੀਂ ਜਾਂਦੇ
ਗੁੱਸੇ ਵਿੱਚ ਜਲ ਨਹੀਂ ਜਾਂਦੇ
ਅਸੀਂ ਸਾਗਰ ਹੰਘਾਲਾਂਗੇ
ਅਸੀਂ ਪਰਬਤ ਉਖਾੜਾਂਗੇ
ਅੰਬਰਾਂ ਦਾ ਢਿੱਡ ਪਾੜਾਂਗੇ.....
ਪਿਉ ਦੀ ਪੱਗ ਦਾ ਬਦਲਾ
ਧੀ ਦੀ ਪੱਤ ਦਾ ਲੇਖਾ
ਤੇ ਪੁੱਤ ਦੀ ਲਹੂ ਲਿਬੜੀ ਲਾਸ਼
ਸਾਡੇ ਸੀਨੇ ਤੇ ਮੱਚਦੀ ਹੈ
ਤੇ ਸਾਡੇ ਕੂਚ ਕਰਨ ਲਈ
ਘੜੀ ਹੁਣ ਸਮਾਂ ਦੱਸਦੀ ਹੈ।

## ਬੰਬੂ

ਮੈਂ ਹਾਂ ਬੰਬੂ
ਹੈ ਤਾਂ ਜਰਾ ਛੋਟਾ
ਕੰਮ ਕਰਦਾ ਹਾਂ ਮੋਟਾ
ਜਿਥੇ ਹਾਂ ਮੈਂ ਲਗਦਾ
ਅੰਦਰ ਹੀ ਅੰਦਰ
ਜਾਂਦਾ ਹਾਂ ਧਸਦਾ
ਘਰ ਕਿਸੇ ਦਾ
ਖਾਲੀ ਹਾਂ ਕਰਦਾ
ਅੰਦਰ ਬਾਹਰ
ਆਪਣਾ ਹਾਂ ਭਰਦਾ
ਜੋ ਕੰਮ ਹਾਂ ਮੈਂ ਕਰਦਾ
ਨਹੀਂ ਕਦੇ ਕਿਸੇ ਤੋਂ ਡਰਦਾ
ਵੱਡੇ-ਵੱਡੇ ਅਫ਼ਸਰਾਂ ਦੀ
ਚੱਟੀ ਰਹਿੰਦਾ ਹਾਂ ਭਰਦਾ।

## ਅਤੀਤ

ਕੰਬਦੇ ਬੁੱਲ੍ਹ
ਧੁੱਖਦੀ ਜ਼ਿੰਦਗੀ
ਅਸਮਾਨ ਨੂੰ ਤੱਕਦਾ
ਧਰਤੀ ਤੇ ਡਿੱਗਿਆ
ਅਤੀਤ ਹਾਂ
ਕਿਸੇ ਦਾ
ਮੈਂ।

# ਹਥਿਆਰ

ਮੇਰੇ ਕੋਲ ਕਲਮ ਹੈ
ਤੇਰੇ ਕੋਲ ਬਰੂਦ
ਮੈਂ ਲਿਖਦਾ ਹਾਂ-ਹਰਿਆਵਲ
ਤੂੰ ਬਣਾਉਂਦਾ ਏਂ ਖੰਡਰ
ਸਿਰਜਦਾ ਏਂ ਬੰਜਰ
ਮੈਂ ਲਿਖਦਾ ਹਾਂ-ਧੁੱਪ
ਤੂੰ ਚਲਾਉਂਦਾ ਏਂ ਤੋਪ
ਮਚਾਉਂਦਾ ਹੈ ਤਬਾਹੀ
ਉਜਾਲੇ 'ਚ ਘੋਲਦਾ ਏਂ ਸਿਆਹੀ
ਹੁਣ ਮੈਂ ਕਲਮ ਨੂੰ
ਫਿਰ ਘੜਾਂਗਾ
ਨ੍ਹੇਰੇ ਦੇ ਖਿਲਾਫ਼ ਖੜਾਂਗਾ
ਕਿਉਂਕਿ ਮਾੜਿਆਂ ਸਮਿਆਂ ਦੇ
ਗੰਧਲੇ ਦਿਨਾਂ 'ਚ
ਨ੍ਹੇਰ ਦੇ ਕਿਲ੍ਹਿਆਂ ਲਈ
ਕਲਮ ਕਟਾਰ ਹੁੰਦੀ ਹੈ
ਇਕ ਹਥਿਆਰ ਹੁੰਦੀ ਹੈ।

## ਰਾਤ ਚਾਨਣੀ

ਮਾਹੀ ਬਿਨਾਂ ਰਾਤ ਚਾਨਣੀ
ਮੈਨੂੰ ਜ਼ਰਾ ਸੁਖਾਵੇ ਨਾ
ਤੂੰ ਆਪ ਗਿਆ ਪ੍ਰਦੇਸ
ਤੇ ਸਾਨੂੰ ਨੀਂਦਰ ਆਵੇ ਨਾ।
ਚੰਨ ਦੀਆਂ ਰਿਸ਼ਮਾਂ ਸੋਹਲ
ਤਾਹਨੇ-ਮਿਹਣੇ ਮਾਰਦੀਆਂ
ਛੇੜਣ ਪਿੰਡੇ ਜਲੂਣ
ਰੂਪ ਨੇ ਕੰਡ ਦਾ ਧਾਰਦੀਆਂ।
ਵਾਂਗ ਜ਼ਖਮਾਂ ਦੇ ਲਿਸ਼ਕਣ
ਇਹ ਅੰਬਰਾਂ ਦੇ ਤਾਰੇ ਵੇ
ਵਾਂਗ ਵਿਯੋਗਣ ਤੜਫਣ
ਇਹ ਵੀ ਰੱਬ ਦੇ ਮਾਰੇ ਵੇ।
ਕਦੋਂ ਕਰੇਂਗਾ ਲੇਖਾ
ਵਿਗੋਚੇ ਮਾਰੀਆਂ ਰਾਤਾਂ ਦਾ
ਕਦੋਂ ਭਰੂ ਹੁੰਗਾਰਾ
ਮੇਰੀਆਂ ਕਮਲੀਆਂ ਬਾਤਾਂ ਦਾ।
ਲੰਬੇ ਲੰਬੇ ਤੇਰੇ ਲਾਰੇ
ਮੇਰੀ ਛੋਟੀ ਅਰਜੋਈ ਵੇ
'ਦਾਸ ਭਾਰਤੀ' ਬਿਨ ਤੇਰੇ
ਮੈਂ ਕਮਲੀ ਹੋਈ ਵੇ।

## ਇਸ਼ਕ ਦੇ ਵਹਿਣ

ਤੂੰ ਹੋਏਂਗੀ
ਮੈਂ ਹੋਵਾਂਗਾ
ਤੇ ਸਾਡੀ ਮੁਹੱਬਤ ਦੇ ਗਵਾਹ ਹੋਣਗੇ
ਰਾਤ ਦੀ ਹਿੱਕ ਤੇ
ਤਾਰਿਆਂ ਦੇ ਜ਼ਖ਼ਮ
ਇਹਨਾਂ ਜ਼ਖਮਾਂ 'ਚ
ਤੇਰੀ ਰੂਹ ਦਾ ਦਰਦ ਵੀ ਸਹਿਕੇਗਾ
ਮੇਰੇ ਦੁੱਖ ਦਾ ਦੀਵਾ ਵੀ ਟਹਿਕੇਗਾ
ਇਸ ਦੀਵੇ ਦੀ ਲੋਅ 'ਚ
ਤੇਰੇ ਕੰਬਦੇ ਹੋਠਾਂ ਦੀ ਛੋਹ 'ਚ
ਜਿਹੜਾ ਅਹਿਦ ਹੋਇਆ ਹੈ
ਜਿਹੜਾ ਕੌਲ ਹੋਇਆ ਹੈ
ਉਮਰ ਤੋਂ ਆਰ ਪਾਰ ਹੈ
ਜਦੋਂ ਤੱਕ ਤਾਰਿਆਂ ਦੇ ਜ਼ਖ਼ਮ ਲਿਸ਼ਕਣਗੇ
ਜਦੋਂ ਤੱਕ ਦੀਵਿਆਂ ਦੇ ਨੂਰ ਛਲਕਣਗੇ
ਜਦੋਂ ਤੱਕ ਜੁਗਨੂੰਆਂ ਨੂੰ
ਜਾਚ ਟਿਮਕਣ ਦੀ
ਉਦੋਂ ਤੱਕ
ਪਿਆਰ ਦੀ ਤੰਦ ਨੂੰ
ਕੋਈ ਕੋਈ ਤੋੜ ਨਹੀਂ ਸਕਦਾ
ਅੱਥਰੇ ਵਹਿਣ ਝਨਾ ਦੇ ਨੇ
ਕੋਈ ਇਨ੍ਹਾਂ ਨੂੰ ਮੋੜ ਨਹੀਂ ਸਕਦਾ।

# ਪਿਆਸੀ ਨਦੀ

ਇਸ ਪਿਆਸੀ ਨਦੀ ਦੀ ਮੈਨੂੰ
ਸਮਝ ਨਾ ਆਈ ਮਾਇਆ
ਘੜੀ ਪਲਾਂ ਵਿੱਚ ਰੇਤ ਹੋ ਗਿਆ
ਜਦ ਮੈਂ ਨੀਰ ਛੁਹਾਇਆ
ਤ੍ਰੇਹ ਤੇ ਤ੍ਰਿਸ਼ਨਾ ਦੋਵੇਂ ਭੜਕੇ
ਇਸ ਨਦੀ ਦੇ ਤੀਰ
ਸੁੱਖ ਸੰਤੋਖ ਸਬਰ ਤੇ ਸੋਝੀ
ਸਭ ਤੱਤ ਲਏ ਇਸ ਜ਼ੀਰ।
ਸਿਰ ਤੇ ਸ਼ੂਕ ਰਹੀ ਇਹ ਨਾਗਣ
ਇਸ ਦਾ ਡੰਗ ਪਿਆਰਾ
ਰੂਹ ਮੇਰੀ ਨੂੰ ਧੁਰ ਤੱਕ ਚੀਰੇ
ਇਸ ਦਾ ਇਕ ਲਿਸ਼ਕਾਰਾ
ਜਾਂ ਨਦੀਏ ਮੈਨੂੰ ਰੇਤਾ ਕਰਦੇ
ਜਾਂ ਕਰਦੇ ਤੂੰ ਪਾਣੀ
ਤੋੜ ਵਿਛੋੜਾ ਕਰਕੇ ਨਾ ਪਾ
ਪਾਣੀ ਵਿੱਚ ਮਧਾਣੀ।

# ਇਸ਼ਕ

ਨੀ ਸਖੀਏ
ਇਸ਼ਕ ਨਾ ਪੱਲੇ 'ਚ ਤੋਲ
ਨੀ ਹੀਰੀਏ
ਇਹ ਦਾਤ ਅਨਮੋਲ
ਚੰਨ ਤੋਂ ਮਹਿੰਗਾ ਰੇਸ਼ਮ ਰੂਹ ਦਾ
ਇਹ ਪੰਛੀ ਕਿਸੇ ਵੱਖਰੀ ਜੂਹ ਦਾ
ਇਸ ਦਾ ਤੋਲ ਨਾ ਮੋਲ
ਨੀ ਸਖੀਏ.....
ਇਸ਼ਕ ਨਾ ਪੱਲੇ 'ਚ ਤੋਲ
ਤੇਰ ਮੇਰ ਦਾ ਫ਼ਰਕ ਨਾ ਭੇਰਾ
ਨਾ ਕੋਈ ਰੰਜ਼ ਤੇ ਨਾ ਕੋਈ ਝੇਰਾ
ਇਸ ਤੱਕੜੀ ਵਿੱਚ ਨਾ ਝੋਲ
ਨੀ ਸਖੀਏ.........
ਇਸ਼ਕ ਨਾ ਪੱਲੇ 'ਚ ਤੋਲ
ਸਿਰ ਧਰ ਤਲੀ ਮੈਦਾਨੇ ਆਈਏ
ਆਪ ਗੁਆ ਕੇ ਫਿਰ ਇਹ ਪਾਈਏ
ਧਰੀਏ ਪੈਰ ਅਡੋਲ
ਨੀ ਹੀਰੀਏ
ਇਸ਼ਕ ਨਾ ਪੱਲੇ 'ਚ ਤੋਲ।

## ਅੱਥਰੂ ਨਾ ਕੇਰ

ਮਿੱਟੀ ਵਿੱਚ ਅੱਥਰੂ ਨਾ ਕੇਰ
ਬੀਬੀ ਰਾਣੀਏ ਨੀ
ਮਿੱਟੀ ਵਿਚ ਅੱਥਰੂ ਨਾ ਕੇਰ
ਕਹਾਣੀ ਤੇਰੇ ਉਮਰ ਦੇ ਪੰਧ ਦੀ
ਭੁੱਲਣੀ ਨਹੀਂ, ਮਹਿਕ ਤੇਰੇ ਜਿਸਮੋਂ ਸੁਗੰਧ ਦੀ
ਬੀਬੀ ਰਾਣੀਏ ਨੀ
ਮਿੱਟੀ 'ਚ ਅੱਥਰੂ ਨਾ ਕੇਰ
ਪਿੱਘਲੀ ਤਾਂ ਪਾਣੀਆਂ ਦਾ
ਨੂਰ ਬਣ ਜਾਏਂਗੀ
ਜੰਮ ਗਈ ਤਾਂ ਇਕ ਦਿਨ
ਕੋਹਤੂਰ ਬਣ ਜਾਏਂਗੀ
ਉੱਠ ਨੀ ਤੂੰ ਨਾ ਕਰ ਦੇਰ
ਬੀਬੀ ਰਾਣੀਏ ਨੀ
ਮਿੱਟੀ ਵਿੱਚ ਅੱਥਰੂ ਨਾ ਕੇਰ।

# ਮੋਈ ਬਿੱਲੀ ਦਾ ਭਾਰ

ਮੇਰੇ ਮਾਲਕ-ਮੇਰੇ ਮੌਲਾ
ਜੇ ਹੋਵੇ ਆਗਿਆ
ਤਾਂ ਦਾਸ ਨੇ ਇਕ ਅਰਜ਼ ਕਰਨੀ ਹੈ
ਮੋਈ ਬਿੱਲੀ ਦਾ ਮੇਰੇ ਸਿਰ ਤੇ
ਜੋ ਭਾਰ ਲਗਦਾ ਹੈ
ਉਮਰ ਭਰ ਲਈ ਮੈਨੂੰ ਇਹ ਇਕ ਸੰਤਾਪ ਲਗਦਾ ਹੈ
ਭਰੇ ਦਰਬਾਰ ਵਿੱਚ
ਆਪ ਦੇ ਕਰਿੰਦਿਆਂ ਦਾ ਕਹਿਣਾ ਹੈ
ਕਿ ਮੋਈ ਬਿੱਲੀ ਦਾ ਭਾਰ
ਮੇਰੇ ਸਿਰੋਂ ਤਾਂ ਲਹਿਣਾ ਹੈ
ਜਦੋਂ ਤੱਕ ਸੋਨੇ ਦੀ ਬਿੱਲੀ
ਮੈਂ ਲੈ ਕੇ ਦਰਬਾਰ ਨਹੀਂ ਆਉਂਦਾ
ਜਾਂ ਬਿੱਲੀ ਦੇ ਮੁੱਲ ਦੀਆਂ ਮੋਹਰਾਂ
ਪਾਂਡੇ ਦੀ ਝੋਲੀ ਨਹੀਂ ਪਾਉਂਦਾ
ਮੇਰੇ ਆਕਾ-ਮੇਰੇ ਮਾਲਕ
ਮੈਂ ਤਨ ਮਨ ਅਰਪਦਾ-ਹਾਂ
ਆਪ ਦੇ ਦਰਬਾਰ ਦੇ ਸਾਹਵੇਂ
ਤਾਂ ਚਾਹੁੰਦਾ ਹਾਂ ਕਿ ਮੇਰੇ ਪ੍ਰਾਣ
ਕੋਈ ਬਿੱਲੀ ਦੇ ਵਿਚ ਪਾਵੇ
ਲਹੂ ਮਾਸ ਦੀ ਬਿੱਲੀ
ਮੁੜ ਦਰਬਾਰ ਪਰਤ ਆਵੇ
ਪਾਂਧੇ ਆਖਿਆ
ਕਿ ਨਿਮਨ ਨੂੰ ਨਹੀਂ ਹੱਕ ਮਰਨੇ ਦਾ
ਨਾ ਧਰਮ 'ਚ ਦਖਲ ਦੇਣ ਦਾ
ਨਾ ਧਰਮ ਨਾਲ ਬਹਿਸ ਕਰਨੇ ਦਾ
ਬਖ਼ਸ਼ਣਾ ਫੇਰ ਹਤਿਆਰਾ
ਕਰੇ ਜੇ ਅਹਿਦ
ਬਿੱਲੀ ਦੇ ਮੁੱਲ ਭਰਨੇ ਦਾ
ਨਹੀਂ ਤਾਂ ਰਾਜ ਕਰੇਗਾ ਫ਼ੈਸਲਾ
ਇਸ ਬੰਦਿਆਂ ਵਰਗੇ ਡਰਨੇ ਦਾ।

## ਪਿੰਡ ਫੇਰੀ

ਪਿੰਡ ਫੇਰੀ
ਹੋਵੇਗੀ ਬਹੁਤ ਉਦਾਸ
ਬੜੀ ਨਿਰਾਸ਼
ਜਦੋਂ ਦੇਖੋਗੇ
ਸਾਂਝੇ ਥੜ੍ਹੇ ਤੇ ਭੱਜਿਆ ਹੋਵੇਗਾ ਕੱਚ
ਭਰ ਆਏਗਾ ਗੱਚ
ਜਦੋਂ ਮੁੜੋਗੇ
ਕੱਚੇ ਪਹੇ ਦਾ ਪੱਕਾ ਮੋੜ
ਤਾਂ ਦੇਖੋਗੇ
ਇਕ ਜੜ੍ਹ ਤੋਂ ਉਖੜ ਗਿਆ ਹੋਇਆ
ਬਾਬਾ ਬੋਹੜ
ਘਰ ਦੇ ਬੂਹੇ
ਉਨੀਂਦਰ ਮਾਰੇ
ਉਬਾਸੀਆਂ ਵਾਂਗ ਖੁਲ੍ਹਣਗੇ
ਤੇ ਜਾਣੇ ਪਛਾਣੇ ਦੇ
ਤੇਰਾ ਨਾਂ ਭੁੱਲਣਗੇ
ਤੂੰ ਲਏਂਗਾ ਬਾਪੂ ਦਾ ਨਾਂ
ਦੱਸੇਂਗਾ ਅਤਾ ਪਤਾ ਤੇ ਥਾਂ
ਉਹ ਅਗੋਂ ਸੀਰੀ ਦਾ
ਨਾਂ ਲੈਣਗੇ
ਨਾਂ ਨੂੰ ਕੁਨਾਂ ਕਹਿਣਗੇ।

## ਫ਼ਰਕ

ਫ਼ਰਕ ਨਾ ਸੀ ਚੜ੍ਹਦੇ ਦਾ
ਨਾ ਸੀ ਲਹਿੰਦੇ ਦਾ
ਫ਼ਰਕ ਤਾਂ ਸੀ
ਦੇਹੀ 'ਚ ਖੌਲਦੇ-ਸੁਲਗਦੇ
ਲਹੂ ਵਹਿੰਦੇ ਦਾ
ਲਹੂ 'ਚ ਰਚੀ
ਤੇਰੀ ਸਰਦਾਰੀ ਦਾ
ਤੇ ਮੇਰੀ ਪੁਸ਼ਤਾਂ ਦੀ ਲਚਾਰੀ ਦਾ
ਸਾਂਝ ਦੇ ਸੋਹਲੇ
ਤਾਂ ਕਿਤਾਬਾਂ ਦੇ ਸੀ
ਪਰ ਵਿਥਾਂ ਤੇ ਪਾੜਾ
ਜ਼ਿੰਦਗੀ ਦੇ ਹਿਸਾਬ ਦਾ ਸੀ
ਇਸ ਨੂੰ ਸਬੱਬ ਹੀ ਮੰਨਾ
ਕਿ ਚਾਰ ਡਲਿਆਂ ਦੀ ਮਾਲਕੀ ਦਾ
ਤੂੰ ਕਾਰੂ ਬਾਦਸ਼ਾਹ ਬਣਿਆ
ਤੇ ਉੱਚ ਜਾਤ ਦਾ ਲਬਾਦਾ
ਤੇਰਾ ਸਿਰ ਛਤਰ ਵਾਂਗ ਤਣਿਆ
ਪਰ ਹੱਥ ਅੱਡਦਾ
ਮੈਂ ਨਹੀਂ ਮੰਗਤਾ
ਨਾ ਮੰਗਾਂ ਖੈਰਾਤ
ਤੇਰੇ ਨਾਲ ਮੈਂ ਲਾ ਕੇ ਆਢਾ
ਹੁਣ ਤੋੜਾਂਗਾ ਬਾਤ।

## ਲਹਿੰਦਾ-ਚੜ੍ਹਦਾ

ਚੜ੍ਹਦੇ ਪਾਸੇ
ਸੂਰਜ ਚੜ੍ਹਦਾ
ਹਰ ਪਾਸੇ ਨੂੰ ਧੁੱਪ 'ਚ ਰੰਗਦਾ
ਪਰ ਲਹਿੰਦੇ ਪਾਸੇ
ਵਾਰੀ ਜਦ ਆਵੇ
ਕਾਣੀ ਵੰਡ ਕਰਦਾ ਨਾ ਸੰਗੇ
ਧੁੱਪ ਦੀ ਕਾਤਰ ਦਾ ਮੁੱਲ ਮੰਗੇ
ਪੌਣ ਪੁਰੇ ਦੀ ਵੱਟੇ ਪਾਸਾ
ਇਸ ਬਸਤੀ 'ਚੋਂ ਇੰਜ ਗੁਜ਼ਰਦੀ
ਇਹ ਮੂੰਹ ਸੀਤੀ
ਜਿਵੇਂ ਮਕਾਣੇ ਕਿਸੇ ਦੀ ਆਈ
ਭੁੱਖੀਆਂ ਕੰਧਾਂ ਚਾਰ ਚੁਫੇਰੇ
ਸਦੀਆਂ ਤੋਂ ਇਹ ਨੇੜੇ ਤੇੜੇ
ਪਰ ਹਰ ਥੰਮੀ ਮੰਗੇ ਧਰਵਾਸਾ
ਹਰ ਦਿਨ ਉਹਨਾਂ ਦਾ ਹੋਇਆ ਨਿਓਟਾ
ਇਹ ਘਰ ਢਹਿੰਦਾ, ਢਹਿ ਜਾਏਗਾ
ਪਰ ਕੜੀਆਂ ਜੇ ਇੱਕ ਮੁੱਠ ਹੋਈਆਂ
ਫਿਰ ਸੂਰਜ ਨੂੰ ਝੁਕਣਾ ਪਏਗਾ
ਪੌਣ ਪੁਰੇ ਦੀ ਨੂੰ ਰੁੱਕਣਾ ਪਏਗਾ।

# ਉਸਰਈਏ

ਇਹ
ਉਸਰਈਏ ਸਿਰਜਣਹਾਰੇ
ਕਿਉਂ ਫਿਰਦੇ ਇਹ
ਮਾਰੇ-ਮਾਰੇ
ਗੰਢਾਂ ਪੇਟ ਨੂੰ
ਨਿੱਤ ਇਹ ਲਾਵਣ
ਫੁੱਟ-ਪਾਥਾਂ ਤੇ ਰਾਤ ਗੁਜ਼ਾਰਨ
ਤੜਕੇ ਉੱਠਦੇ
ਇਹ ਲੱਕ ਜੋੜਦੇ
ਸਾਰਾ ਦਿਨ
ਇਹ ਪੱਥਰ ਤੋੜਦੇ
ਨਾਲ ਪਹਾੜਾਂ
ਇਹ ਮੱਥੇ ਲਾਵਣ
ਵਹਾ ਪਸੀਨਾ
ਨਹਿਰਾਂ ਵਗਾਵਣ
ਪਰ ਇਹਨਾਂ ਦੇ
ਹਿੱਸੇ ਆਇਆ
ਸੜ੍ਹਦਾ ਭੁੱਜਦਾ
ਸਿੱਖਰ ਦੁਪਹਿਰਾ।

# ਲਾਰੀ ਵਿਚ ਪ੍ਰਦੇਸੀ

ਲਾਰੀ ਦੇ ਵਿੱਚ
ਸੀ ਬਹੁਤ ਭੀੜ
ਹੁੱਟ ਹੁੰਮਸ ਤੇ ਸ਼ੋਰ-ਸ਼ਰਾਬਾ
ਕੰਨ ਪਾੜਦਾ
ਹਰ ਕੋਈ ਆਪਣਾ
ਆਪ ਬਚਾ ਕੇ
ਕੰਡ ਖਿਸਕਾ ਕੇ
ਆਪਣੇ ਸਫ਼ਰ ਨੂੰ
ਸਦਮੇ ਵਾਂਗ ਮਾਪ ਰਿਹਾ ਸੀ
ਇਕ ਬਿਹਾਰੀ ਗੱਭਰੂ ਮੁੰਡਾ
ਖਾਲੀ ਸੀਟ ਤੇ ਇੰਜ ਲਪਕਿਆ
ਜਿਉਂ ਦੁਆਬੇ ਦਾ ਅੰਬ ਟੱਪਕਿਆ
ਟਿਕਟ ਕੱਟ ਕੇ ਆਨੇ ਕੱਢੇ
ਖੜ੍ਹੇ ਲੋਕਾਂ ਨੇ ਕਿੱਚ-ਕਿੱਚ ਕੀਤੀ
ਇਸ ਭਈਏ ਨੂੰ
ਬਸ 'ਚੋਂ ਕੱਢੋ
ਸਾਰੀ ਬੱਸ 'ਚ ਬੋਅ ਖਿਲਾਰੀ
ਹਰ ਇਕ ਔਖੀ ਸੀ ਸਵਾਰੀ
ਲੰਬੀ ਵਿਸਲ ਤੇ ਬਸ ਰੋਕ ਕੇ
'ਚੱਕ ਲੈ ਉਏ ਆਪਣੀ ਟਿੰਡ ਫਾਉੜੀ'
ਮੁੜ ਕੇ ਨਾ ਇਧਰ ਨੂੰ ਬਹੁੜੀਂ
ਆਪਣੇ ਦੇਸ਼ 'ਚ
ਇਕ ਪ੍ਰਦੇਸੀ
ਅੱਧ ਵਿਚਾਲੇ ਖੜ੍ਹਾ ਲਚਾਰ
ਦੇਸ਼ ਮੇਰੇ ਦੀ
ਜੈ, ਜੈ ਕਾਰ।

## ਖੇਡਣ ਦੇ ਦਿਨ ਚਾਰ

ਖੇਡਣ ਦੇ ਦਿਨ ਚਾਰ-ਚਾਰ
ਆੜੀਓ ਨਹੀਂ ਭੁੱਲਦੇ
ਬਚਪਨ ਦੇ ਦਿਨ ਚਾਰ
ਆਲੀਆਂ ਭੋਲੀਆਂ ਸ਼ਕਲਾਂ ਵਾਲੇ
ਨਿੱਕੀਆਂ ਨਿੱਕੀਆਂ ਅਕਲਾਂ ਵਾਲੇ
ਮਨ ਤੇ ਨਾ ਕੋਈ ਭਾਰ
ਆੜੀਓ ਨਹੀਂ ਭੁੱਲਦੇ
ਬਚਪਨ ਦੇ ਦਿਨ ਚਾਰ
ਮਾਂ ਦਾ ਚੂਰੀ ਕੁੱਟ ਖਵਾਉਣਾ
ਪੁੱਠਾ ਚਰਖਾ ਖੂਬ ਘਮਾਉਣਾ
ਹੋ ਕੇ ਪੱਬਾਂ ਭਾਰ.....
ਆੜੀਓ ਨਹੀਂ ਭੁੱਲਦੇ
ਬਚਪਨ ਦੇ ਦਿਨ ਚਾਰ
ਗੱਲ ਗੱਲ ਤੇ ਹਾਸਾ ਆਉਣਾ
ਸਕੂਲ ਮੁੱਖੀ ਦਾ ਡੰਡੇ ਲਾਉਣਾ
ਕੰਨ ਤੇ ਪੈਣੀਆਂ ਚਾਰ
ਆੜੀਓ ਨਹੀਂ ਭੁੱਲਦੇ

ਬਚਪਨ ਦੇ ਦਿਨ ਚਾਰ
ਮਿੱਟੀ ਦੇ ਅਸੀਂ ਘਰ ਬਣੌਣੇ
ਆਪ ਬਣਾ ਕੇ ਆਪੇ ਢੌਣੇ
ਕਰਨੀ ਮਾਰੋ ਮਾਰ
ਆੜੀਓ ਨਹੀਂ ਭੁੱਲਦੇ
ਬਚਪਨ ਦੇ ਦਿਨ ਚਾਰ
ਘੜੀ 'ਚ ਕਰਨੀ ਮਾਰ-ਕੁਟਾਈ
ਘੜੀ 'ਚ ਕਰਨੀ ਸੁਲ੍ਹਾ-ਸਫ਼ਾਈ
'ਕੱਠੇ ਹੋ ਕੇ ਯਾਰ
ਆੜੀਓ ਨਹੀਂ ਭੁੱਲਦੇ
ਬਚਪਨ ਦੇ ਦਿਨ ਚਾਰ
ਕਿਧਰ ਗਏ ਉਹ ਘੜੀਆਂ ਪਲ
'ਦਾਸ' ਕੂਲ੍ਹ ਦੀ ਉਹ ਕਲ਼ ਕਲ਼
ਵਹਿਣਾ ਬਣ ਕੇ ਧਾਰ
ਦੋਸਤੋ ਨਹੀਂ ਭੁੱਲਦੇ
ਬਚਪਨ ਦੇ ਦਿਨ ਚਾਰ।

# ਉਲਟੇ ਵਹਿਣ

ਤੇਰੇ ਦਿਲ ਨੂੰ ਪੈਣੇ ਹੌਲ
ਕਲੇਜੇ ਡੋਲ
ਪਏ ਵਜਦੇ ਢੋਲ
ਤੇ ਗੱਲ ਤੈਨੂੰ ਸੁਣਨੀ ਪੈਣੀ ਆ
ਬਹੁਤ ਤੂੰ ਕੀਤੀ
ਸਾਡੀ ਪਰਤੀਤੀ
ਬਹੁਤ ਬੁਰੀ ਕੀਤੀ
ਬੀਤੀ ਹੁਣ ਪੈਣੀ ਕਹਿਣੀ ਆ
ਪਿੰਜੇ ਹੋਏ ਬੋਲ
ਰਹੇ ਘੁੰਡੀ ਖੋਲ੍ਹ
ਤੂੰ ਸੁਣ ਹੋ ਕੇ ਕੋਲ
ਮਨ ਆਈ ਹੋ ਕੇ ਰਹਿਣੀ ਆ
ਮੂੰਹਾਂ ਨੂੰ ਤਾਲੇ
ਕੰਨੀਂ ਸਿੱਕੇ ਢਾਲੇ
ਬੁਰੇ ਤੇਰੇ ਚਾਲੇ
ਵਹਿਣ ਹੁਣ ਉਲਟੇ ਵਹਿਣੇ ਆ।

## ਉਹਨਾਂ ਦੀ ਪੁੱਛ ਨਾ ਸਾਰ

ਮੈਨੂੰ ਉਹਨਾਂ ਦੀ ਪੁੱਛ ਨਾ ਸਾਰ
ਦਰਦ ਕਿਸੇ ਦਾ-ਜੋ ਨਾ ਜਾਨਣ
ਹੱਕ ਸੱਚ ਦੀ ਨਾ ਰਮਜ਼ ਪਛਾਨਣ
ਹਨ ਧਰਤੀ ਤੇ ਭਾਰ......
ਮੈਨੂੰ ਉਹਨਾਂ ਦੀ ਪੁੱਛ ਨਾ ਸਾਰ।
ਦੂਜੇ ਵੱਲ ਜੋ ਉਂਗਲ ਉਠਾਵਣ
ਆਪਣੇ ਅੰਦਰ ਝਾਤ ਨਾ ਪਾਵਣ
ਮੰਗਣ ਕਸਬ ਪਿਆਰ.......
ਮੈਨੂੰ ਉਹਨਾਂ ਦੀ ਪੁੱਛ ਨਾ ਸਾਰ।
ਬਣ ਸਿਆਣੇ ਜੋ ਦੇਵਣ ਮੱਤਾਂ
ਕੰਜਕਾਂ ਦੀਆਂ ਰੋਲਣ ਪੱਤਾਂ
ਜਿਸਮ ਦਾ ਕਰਨ ਵਪਾਰ
ਮੈਨੂੰ ਉਹਨਾਂ ਦੀ ਪੁੱਛ ਨਾ ਸਾਰ
'ਦਾਸ ਭਾਰਤੀ' ਗੱਲ ਲਾ ਗਿੱਟੇ
ਇਕ ਥੈਲੀ ਦੇ ਇਹ ਵੱਟੇ-ਚਿੱਟੇ
ਇਹ ਮਤਲਬ ਦੇ ਯਾਰ.....
ਮੈਨੂੰ ਉਨ੍ਹਾਂ ਦੀ ਪੁੱਛ ਨਾ ਸਾਰ।

## ਨਸ਼ਿਆਂ ਦੇ ਕੋਹੜ

ਸੁਣ ਲਓ ਸੁਣਾਵਾਂ ਇਕ ਗੱਲ ਸੋਹਣਿਉ,
ਨਸ਼ਿਆਂ ਦੀ ਬੁਰੀ ਦਲਦਲ ਸੋਹਣਿਉ।
ਦਮ ਜੇ ਜਵਾਨੀ ਦਾ ਕਾਇਮ ਰੱਖਣਾ,
ਨਸ਼ਿਆਂ ਦਾ ਜ਼ਹਿਰ ਨਾ ਕਦੇ ਵੀ ਚੱਖਣਾ।
ਘੁਣ ਵਾਂਗ ਨਸ਼ੇ ਲਗਦੇ ਸਰੀਰ ਨੂੰ,
ਨਸ਼ਿਆਂ ਲਈ ਵੀਰ, ਵੱਢਣ ਵੀਰ ਨੂੰ।
ਕੁੱਲੀ ਉੱਤੇ ਕੱਖ ਘਰ ਦਾਣੇ ਨਾ ਰਹੇ,
ਡੁੱਬ ਗਈਆਂ ਬੇੜੀਆਂ ਮੁਹਾਣੇ ਨਾ ਰਹੇ।
ਨਸ਼ਿਆਂ ਦੀ ਤੋੜ, ਰਿਸ਼ਤੇ ਲਤਾੜ ਦੀ,
ਨਾਤਿਆਂ ਦੀ ਗੰਢ ਅੱਗ ਵਿੱਚ ਸਾੜਦੀ।
ਨਸ਼ਿਆਂ ਦਾ ਕੋਹੜ ਲੱਗਿਆ ਪੰਜਾਬ ਨੂੰ,
'ਭਾਰਤੀ' ਬਚਾਉ ਕਿਹੜਾ ਪੰਜ-ਆਬ ਨੂੰ।

# ਕੌਣ

ਹਾਦਸਾ
ਵਾਪਰਣ ਤੋਂ ਪਹਿਲਾਂ ਹੀ
ਹਾਦਸਾ ਹੋ ਗਿਆ
ਤੁਫ਼ਾਨ ਆਉਣ ਤੋਂ
ਪਹਿਲਾਂ ਹੀ
ਸਮੁੰਦਰ ਖਲੋਅ ਗਿਆ
ਤੱਕ ਉਦਾਸ ਚਿਹਰਿਆਂ
ਅੱਜ ਕੌਣ ਫ਼ਿਰ
ਉਦਾਸ ਹੋ ਗਿਆ
ਕਿਸਨੂੰ ਗਮ ਹੋਇਆ
ਕਿਸ ਨੇ ਆਹਟ ਭਰੀ
ਦਰਦ ਕੌਣ
ਸੀਨੇ ਅੰਦਰ ਲੁਕੋਅ ਗਿਆ
ਖ਼ਲਕਤ ਤਾਂ
ਸਾਰੀ ਸੁੱਤੀ ਸੀ ਪਈ
ਅੱਜ ਕੌਣ ਆਣ
ਘਰ ਮੇਰੇ ਦਾ ਬੂਹਾ ਢੋ ਗਿਆ
ਫ਼ੈਸਲਾ ਤਾਂ
ਅਜੇ ਸੁਣਾਉਣਾ ਸੀ
ਫ਼ੈਸਲਾ ਸੁਣਨ ਤੋਂ ਪਹਿਲਾਂ ਹੀ
ਮਜ਼ਲੂਮ ਕਿਉਂ ਰੋ ਪਿਆ।

## ਸਮਕਾਲ

ਬਗਲੇ ਧਰਤੀ ਲਹਿ ਗਏ ਵੱਜਿਆ ਚੋਣ ਨਗਾਰਾ ਹੈ,
ਗਲੀਆਂ ਕੂਚਿਆਂ ਦੇ ਵਿੱਚ ਫਿਰਦਾ ਲਸ਼ਕਰ ਭਾਰਾ ਹੈ।
ਰਾਜਧਾਨੀ ਦੀਆਂ ਗੱਡੀਆਂ ਪਿੰਡਾਂ ਨੂੰ ਆਈਆਂ ਨੇ,
ਪੰਜੀ ਸਾਲੀਂ ਇਹਨਾਂ ਜਰਨੈਲਾਂ ਫੇਰੀਆਂ ਪਾਈਆਂ ਨੇ।
ਹਰ ਸੱਥ ਵਿੱਚ ਚਰਚਾ ਹੋਣੀ ਤੇ ਫਿਰ ਲਾਰੇ ਲੱਗਣਗੇ,
ਸੱਜਣ ਠੱਗ ਦਾ ਭੇਸ ਵਟਾ ਕੇ ਇਹ ਵੋਟਾਂ ਠੱਗਣਗੇ।
ਆਟਾ, ਦਾਲ ਦੇ ਭਾਅ ਕਰਨਾ ਇਨ੍ਹਾਂ ਮੁੱਲ ਜ਼ਮੀਰਾਂ ਦਾ,
ਹੱਕ ਨਿਆਂ ਤੇ ਡਾਕਾ ਇਹ ਕੰਮ ਇਨ੍ਹਾਂ ਵਜ਼ੀਰਾਂ ਦਾ।
ਲੋਕਰਾਜ ਦਾ ਹੋਕਾ ਦੇ ਕੇ ਸੇਵਾਦਾਰ ਕਹਾਉਣਾ ਹੈ,
ਪਰ ਮਟਕਾ ਚੌਕ 'ਚ ਹਰ ਹੜਤਾਲੀ ਲੰਮਾ ਪਾਉਣਾ ਹੈ।
ਹੁਣ ਤੱਕੜੀ ਦੀ 'ਮੀਟੀ' ਫਿਰ ਪੰਜੇ ਦੀ ਵਾਰੀ ਹੈ,
ਪੰਜ ਸਾਲਾਂ ਦੀ ਖੇਡ ਤੇ ਆਪਣੀ-ਆਪਣੀ ਪਾਰੀ ਹੈ।
ਸਿੱਖਿਆ ਤੇ ਰੁਜ਼ਗਾਰ ਦੇ ਵਾਅਦੇ ਸਭ ਨੇ ਕਰਨੇ ਨੇ,
ਲੋਕਾਂ ਦਾ ਚੰਮ ਲਾਹੁਣਾ ਸਭ ਨੇ ਖੀਸੇ ਭਰਨੇ ਨੇ।
ਵੋਟਾਂ ਦੀ ਬੇਦੀ ਤੇ ਟੰਗਣੇ ਇਨ੍ਹਾਂ ਪੁੱਤ ਬਿਗਾਨੇ ਨੇ,
ਬਾਪ, ਪੁੱਤ, ਭਤੀਜੇ ਦੇ ਤਾਂ ਕੁਰਸੀ ਨਾਲ ਯਰਾਨੇ ਨੇ।
ਦੜ ਵੱਟ ਕੇ ਦਿਨ ਕੱਟ ਖੱਲਾਂ ਨਾ ਲਾਹ ਵਾਲ ਦੀਆਂ,
'ਦਾਸ ਭਾਰਤੀ' ਗੱਲਾਂ ਨਾ ਕਰ ਤੂੰ ਸਮਕਾਲ ਦੀਆਂ।

## ਖੁੱਲਾ ਸੱਦਾ

ਖੁੱਲਾ ਸੱਦਾ ਦਿੰਦਾ ਹਾਂ
ਪਰਬਤਾਂ ਤੇ ਉਹਨਾਂ ਦੀਆਂ
ਚੋਟੀਆਂ ਤੇ ਆਉਣ ਦਾ
ਚੜ੍ਹਦੇ ਸੂਰਜ ਨੂੰ ਝਾਤੀਆਂ ਲਾਉਣ ਦਾ
ਬੁਝੇ ਦਿਲਾਂ ਨੂੰ ਬਹਿਲਾਉਣ ਦਾ
ਝਰਨਿਆਂ ਦੀ ਖ਼ੂਬਸੂਰਤ ਰਵਾਨਗੀ
ਉੱਚੇ-ਉੱਚੇ ਭਗਤੀ ਵਿੱਚ ਮੁਗਧ ਹੋਏ
ਦਿਉਦਾਰ ਦੇ ਜੰਗਲਾਂ ਅੰਦਰ
ਬੁੱਲਬਲਾਂ ਸੰਗ
ਸੁਰੀਲੇ ਗੀਤ ਗਾਉਣ ਦਾ
ਰੰਗ ਬਰੰਗੇ
ਫੁੱਲਾਂ ਸੰਗ ਖੇਡਦੀਆਂ
ਤਿਤਲੀਆਂ ਨਾਲ ਸਾਂਝਾਂ ਪਾਉਣ ਦਾ
ਕੁਦਰਤ ਦੀ ਤਾਜ਼ਗੀ
ਤੇ ਸੁਹੱਪਣ ਨੂੰ
ਦਿਲਾਂ ਦੀਆਂ ਗਹਿਰਾਈਆਂ ਅੰਦਰ
ਸਮਾਉਣ ਦਾ।

## ਫ਼ੈਸਲੇ ਤੋਂ ਬਾਅਦ

(ਚੁਰਾਸੀ ਦੇ ਪ੍ਰਸੰਗ 'ਚ)

ਦੁੱਖ ਨਹੀਂ ਮੁੱਕਣੇ-ਭੁੱਖ ਨਹੀਂ ਮੁੱਕਣੀ
ਮੁੱਕ ਜਾਣੇ ਦੁਖਿਆਰੇ
ਦਿੱਲੀਏ ਨੀ ਤੇਰੀ ਹਿੱਕ ਤੇ ਕਾਬਜ਼
ਲੋਕਾਂ ਦੇ ਹਤਿਆਰੇ।
ਮੱਤ ਲੋਕਾਂ ਦੀ ਪੱਤ ਲੋਕਾਂ ਦੀ
ਮਿੱਟੀ ਵਿਚ ਰਲਾ ਕੇ
ਲੋਕਾਂ ਦੇ ਹਤਿਆਰੇ ਦਿੱਲੀਏ
ਬਹਿ ਗਏ ਤਾਜ ਸਜਾ ਕੇ।
ਕੂੰਜਾਂ ਤੇ ਕੰਜਕਾਂ ਦਾ ਹਾਸਾ
ਹੱਟੀਓ ਹੱਟ ਵਿਕਾਇਆ
ਹਾਏ ਨੀ ਹਤਿਆਰੀਏ ਤੈਨੂੰ
ਜ਼ਰਾ ਤਰਸ ਨਾ ਆਇਆ।
ਜ਼ਖ਼ਮ ਚੁਰਾਸੀ ਵਾਲੇ ਵੈਰਨੇ
ਹਸ਼ਰ ਤੀਕ ਨੇ ਅੱਲੇ
ਹੱਕ ਨਿਆਂ ਦੇ ਨਾਂ ਤੇ ਤੂੰ ਤਾਂ
ਝਾੜ ਲਏ ਨੇ ਪੱਲੇ।

## ਗ਼ਜ਼ਲ

ਤੇਰੀ ਯਾਦ ਦੇ ਸਹਾਰੇ,
ਲੰਘੇ ਦਿਨ ਔਖੇ ਭਾਰੇ।

ਤੇਰੇ ਪੱਲੇ ਸੁੱਖ ਚੈਨ,
ਸਾਡੇ ਨੈਣੀ ਹੰਝੂ ਖਾਰੇ।

ਸੱਤ ਪੱਤਣਾਂ ਦੇ ਤਾਰੂ,
ਡੁੱਬੇ ਨੈਣਾਂ ਵਿੱਚ ਸਾਰੇ।

ਇਸ ਮਸਨੂਈ ਚਾਨਣ ਦੇ 'ਚ,
ਗੁੰਮ ਗਏ ਨੇ ਚੰਦ ਸਿਤਾਰੇ।

## ਗ਼ਜ਼ਲ

ਸੋਚ ਮੇਰੀ 'ਤੇ ਪਹਿਰੇ ਜਿਨ੍ਹਾਂ ਬਿਠਾਏ ਨੇ।
'ਜੀ ਆਇਆਂ' ਆਖਣ ਨੂੰ ਉਹੀ ਆਏ ਨੇ।

ਉਸਦੇ ਘਰ ਦੀ ਮੌਲਸਰੀ ਤ੍ਰਿਹਾਈ ਹੈ,
ਜਿਸ ਮਾਲੀ ਨੇ ਸਾਰੇ ਬਾਗ ਸਜਾਏ ਨੇ।

ਅਗਲੀ ਪੀੜ੍ਹੀ ਗਿੱਠਮੁੱਠੀਆਂ ਦੀ ਪੱਕੀ ਹੈ,
ਗਮਲਿਆਂ ਦੇ ਵਿੱਚ ਬੁੱਢੇ ਬੋਹੜ ਉਗਾਏ ਨੇ।

ਰਾਹਗੀਰਾਂ ਨਾਲ ਨਿੱਤ ਚਤਰਾਈਆਂ ਹੋਣਗੀਆਂ,
ਸੱਜਣ ਠੱਗ ਨੇ ਭਗਵੇਂ ਭੇਸ ਬਣਾਏ ਨੇ।

'ਦਾਸ ਭਾਰਤੀ' ਹੋਣ ਸਲਾਮਾਂ ਚੜ੍ਹਦੇ ਨੂੰ,
ਲਹਿੰਦੇ ਵਾਰੀ ਸਭ ਦੇ ਮੁੱਖ ਕੁਮਲਾਏ ਨੇ।

## ਸ਼ਿਸ਼ਟਾਚਾਰ

ਅਸਮਾਨੇ
ਬੱਦਲਾਂ ਦਾ ਫੂੰਦਾ ਨਾ
ਪਪੀਹਾ
ਕੂਕ-ਕੂਕ ਥੱਕਿਆ
ਅੰਬਰ
ਬੂੰਦ-ਬੂੰਦ ਲਈ ਤਰਸਦਾ
ਢਿੱਲੀ
ਝਲੂੰਗੀ ਜਿਹੀ ਮੰਜੀ ਦੀ
ਬਾਹੀ ਤੇ
ਬੈਠੇ ਹੋਏ ਦੋਸਤ
ਲੱਥੇ ਹੋਏ ਰੰਗ
ਮੂੰਹਾਂ ਤੋਂ
ਹਵਾਈਆਂ ਉੱਡੀਆਂ ਹੋਈਆਂ
ਚੁੱਪ
ਤੋੜਦਿਆਂ ਹੋਇਆਂ
ਇਕ ਦੋਸਤ ਨੇ
ਹੌਸਲਾ ਕਰਦੇ
ਜਵਾਬ ਦਿੰਦਿਆਂ ਕਿਹਾ
ਮੈਂ
ਆਪਣੇ ਦਿਲ ਦਾ ਦੁੱਖ
ਕਿਸੇ ਨੂੰ ਦੱਸਕੇ
ਨਹੀਂ ਚਾਹੁੰਦਾ ਦੁਖੀ ਕਰਨਾ
ਕਿਉਂਕਿ
ਸ਼ਿਸ਼ਟਾਚਾਰ ਦੇ ਨਿਯਮ
ਇਸ ਤਰ੍ਹਾਂ
ਕਰਨ ਨੂੰ ਨਹੀਂ ਕਹਿੰਦੇ।

## ਕਿਸ ਨੂੰ ਦਿਲ ਦਾ ਦਰਦ ਸੁਣਾਵਾਂ

ਕਿਸ ਨੂੰ ਦਿਲ ਦਾ ਦਰਦ ਸੁਣਾਵਾਂ, ਕਿਸ ਨੂੰ ਮਨ ਦੀ ਗੱਲ,
ਉਮਰਾਂ ਤੀਕ ਉਡੀਕਿਆ ਜਿਹਨੂੰ, ਲੰਘ ਗਿਆ ਪਾ ਕੇ ਵਲ਼।

ਡਿੱਗਦੇ ਮਨ ਨੂੰ ਦਏ ਦਿਲਾਸਾ, ਧਰਦੀ ਸਿਰ ਤੇ ਹੱਥ,
ਸਾਹਾਂ ਦੇ ਨਾਲ ਖਹਿ ਖਹਿ ਖੇਡੇ, ਯਾਦਾਂ ਦੀ ਇੱਕ ਛੱਲ।

ਦਾਨੇ ਬੀਬੇ ਬਣ ਬਣ ਦਸਦੇ, ਇਹ ਸੂਟਾਂ ਬੂਟਾਂ ਵਾਲੇ ਲੋਕ,
ਪਰ ਹਾਵ ਭਾਵ ਦੀ ਭਾਸ਼ਾ ਦੱਸੇ, ਅੰਦਰ ਦੀ ਹਲਚਲ।

ਸ਼ਹਿਰ ਗੁਲਾਬੀ ਦੇ ਪੱਥਰਾਂ ਵਿੱਚ, ਮੋਹ-ਮਮਤਾ ਪਥਰਾਈ,
ਚੱਲ ਮਾਰ ਉਡਾਰੀ 'ਦਾਸ-ਭਾਰਤੀ' ਔਖੇ ਲੰਘਣੇ ਪਲ।

## ਪੱਥਰ

ਪੱਥਰਾਂ ਵਿਚ ਰਹਿ, ਪੱਥਰਾਂ ਵਰਗੇ ਹੋ ਗਏ ਨੇ ਦਿਲਦਾਰ।
ਨਾ ਇਸ ਸ਼ਹਿਰ ਦੇ ਦਰ ਖੜਕਾ, ਤੇ ਨਾ ਹੁਣ 'ਵਾਜਾਂ ਮਾਰ।

ਅਉਧ ਕੋਹਲੂ ਦੇ ਬੈਲਾਂ ਵਰਗੀ, ਖਾਤਰ ਜਿਨ੍ਹਾਂ ਗੁਜ਼ਾਰੀ ਤੂੰ,
ਸੰਕਟ ਵੇਲੇ, ਦੁਖ ਵੇਲੇ, ਸਭ ਜਾਣੇ, ਭੌਰ ਉਡਾਰੀ ਮਾਰ।

ਆਪਣੇ ਘਰ ਦੀਆਂ ਲੋੜਾਂ ਖਾਤਰ, ਬਾਗ ਉਜਾੜੀ ਜਾਵੇਂ ਤੂੰ,
ਇਕ ਦਿਨ ਰੇਤਾ ਰੇਤਾ ਹੋਣਾ, ਇਹ ਹਰਿਆਵਲ ਸੰਸਾਰ।

ਚੜ੍ਹ ਬਣਕੇ ਸਰਘੀ ਦਾ ਤਾਰਾ, ਲਿਸ਼ਕ ਕਾਲੀਆਂ ਰਾਤਾਂ ਵਿੱਚ,
ਰੌਸ਼ਨੀਆਂ ਦੇ ਸੰਸਾਰ 'ਚ ਨਾ ਤੂੰ, ਬਣਕੇ ਜੁਗਨੂੰ ਉਮਰ ਗੁਜ਼ਾਰ।

'ਦਾਸ ਭਾਰਤੀ' ਨੇਕੀ ਦਾ ਮੁੱਲ ਚਾਰ ਛਿਲੜ ਵੀ ਨਹੀਂ ਪੈਣਾ,
ਦੱਸ ਜਾਣਾ ਤੂੰ ਛਿਲੜਾਂ ਬੰਨੇ ਜਾਂ ਨੇਕੀ ਦਾ ਦਮ ਭਰਨਾ ਯਾਰ।

# ਮੂੰਆਂ

ਮੂੰਆਂ
ਖੇਤਾਂ ਵਿੱਚ ਗੱਡਿਆ ਹੋਇਆ
ਹੈ ਇਕ ਮੁੱਠ ਸਰਕੰਡੇ ਦੀ
ਨਹੀਂ ਵੜਨਾ ਇਸ ਖੇਤ ਵਿਚ
ਕਿਸੇ ਕੰਮੀ ਕਾਰੀ ਨੇ
ਇਸ ਦੇ
ਇਕ-ਇਕ ਤੀਲੇ ਤੇ
ਹੈ ਇਹ ਲਿਖਿਆ ਹੋਇਆ
'ਟਰੈਸ ਪਾਸਰ ਵਿਲ ਵੀ ਪਰੋਸੀਕਿਊਟਡ'
ਦਾਤੀਆਂ ਰੰਬੇ ਖੋਹ
ਮਜਬੂਰੀ ਕਿਸੇ ਦੀ ਤੇ
ਧੌਂਸ ਜਮਾਉਣੀ
ਕਰਕੇ ਵਾਪਸ ਦਾਤੀਆਂ, ਰੰਬੇ
ਪਾਟੀ ਹੋਈ ਇਕ ਪੱਲੀ ਸੱਥ 'ਚ
ਕਰਵਾਈ ਜਾਏਗੀ ਸੀਰ
ਅਹਿਸਾਨ ਵੱਜੋਂ
ਆਉਣ ਵਾਲੇ ਸਮੇਂ ਵਿੱਚ।

## ਤੰਦ ਤੇ ਤਾਣੀ

ਤੰਦ ਟੁੱਟਦਾ ਤਾਂ
ਗੰਢ ਲੈਂਦਾ ਉਸ
ਟੁੱਟ ਗਈ ਏ ਤਾਣੀ।
ਸੁੱਕੇ ਮੋਹ ਦੇ ਮਾਨਸਰੋਵਰ
ਕਿਸਨੂੰ ਦੱਸਾਂ
ਪਿਆਰ ਕਹਾਣੀ।
ਕਣ-ਕਣ ਹੋਏ
ਬਣ ਰੇਤਾ ਵਿੱਖਰੇ
ਸਾਰ ਕਿਸੇ ਨਾ ਜਾਣੀ।
ਮੋਹ ਦਾ ਬੂਟਾ
ਵਿਹੜੇ ਸੀ ਲਾਇਆ
ਪਾਇਆ ਹੰਝੂਆਂ ਦਾ ਨਿੱਤ ਪਾਣੀ
ਛਾਂ ਉਸ ਬੂਟੇ ਦੀ
ਧੁੱਪ ਨੇ ਆ ਕੇ ਮਾਣੀ।
ਬਿਰਹੋਂ ਦੀ ਵਰਖਾ
ਸੁੱਕੇ ਅੰਬਰੋਂ ਹੋਈ
ਭਿੱਜੀ ਉਸ ਵਿੱਚ ਉਮਰ ਨਿਆਣੀ।
ਉਸ ਰਿਸ਼ਤੇ ਦੀਆਂ
ਨਿੱਤ ਮੰਗਾਂ ਦੁਆਵਾਂ
ਕਦਰ ਮੋਹ ਦੀ ਜਿਸ ਨਾ ਜਾਣੀ।

## ਗ਼ਜ਼ਲ

ਨੀਰ ਨੈਣਾਂ 'ਚੋਂ ਜੋ ਤੂੰ ਡੋਲਿਆ ਏ,
ਸੋਨਾ ਮਿੱਟੀ ਘੱਟੇ ਵਿੱਚ ਰੋਲਿਆ ਏ।
ਮੈਂ ਵਣਜ ਮੁਹੱਬਤਾਂ ਦਾ ਕਰਦਾ ਹਾਂ,
ਸੌਦਾ ਦਿਲ ਦੀ ਤੱਕੜੀ ਤੋਲਿਆ ਏ।
ਮਿੱਟੀ ਸਿਸਕ ਪਈ ਅੰਬਰ ਨੇ ਬੁੱਲ੍ਹ ਟੇਰੇ,
ਦਰਦ ਦਿਲ ਦਾ ਪੌਣਾਂ ਨੇ ਫੋਲਿਆ ਏ।
ਉਸ ਧਰਮ ਤੇ ਧੜੇ ਤੋਂ ਮੈਂ ਨਾਬਰ,
ਜਿਸ ਨੇ ਜਾਤ ਤੇ ਜਨਮ ਨੂੰ ਨੌਲਿਆ ਏ।
ਤੇਰੇ ਕੰਨਾਂ ਨੂੰ ਝੂਠ ਹੀ ਰਾਸ ਆਵੇ,
ਕੌੜਾ ਲੱਗੇ ਜੋ 'ਭਾਰਤੀ' ਬੋਲਿਆ ਏ।

# ਠਰੇ ਮੌਸਮਾਂ ਦੇ ਰੂ-ਬ-ਰੂ

ਧੀਰਜ ਨਾਲ ਬੱਝੀ
ਮਨ ਮੇਰੇ ਦੀ ਡੋਰੀ
ਕੜਾਕੇਦਾਰ ਠੰਡੀਆਂ
ਕਾਲੀਆਂ ਬਰਫ਼ ਰਾਤਾਂ
ਹੱਡ ਚੀਰਵੀਆਂ ਵਗਣ ਹਵਾਵਾਂ
ਕਰਦਾ ਨਾ ਕੋਈ ਬਾਤਾਂ
ਅੰਦਰ ਬਾਹਰ
ਸਭ ਕੁਝ ਜੰਮਿਆ
ਜੰਮੀ ਲੋਕਾਂ ਦੀ ਸੋਚ
ਪਰ ਮੇਰੀ ਅਵਾਜ਼
ਵਾਂਗ ਜਵਾਲਾ ਜਗਦੀ
ਅਸਮਾਨੀ ਤਾਰੇ
ਮੁੜ-ਮੁੜ ਤੱਕਦੀ
ਉਹਨਾਂ ਤੱਕ-ਤੱਕ
ਰਹਿੰਦੀ ਹੱਸਦੀ
ਅੰਬਰਾਂ ਦੇ ਤਾਰਿਆਂ
ਆਪਣਾ ਹੀ ਦੱਸਦੀ
ਆਸ ਉਹਨਾਂ ਤੋਂ
ਇਹ ਹੈ ਰੱਖਦੀ
ਆਵਣਗੇ ਖਤ
ਟੁੱਟੇ ਤਾਰਿਆਂ ਦੇ ਹੱਥ
ਖੱਡੇ ਪਏ ਜੋ ਜ਼ਮੀਨ 'ਤੇ
ਭੱਜ-ਭੱਜ ਕੇ ਖਤ
ਉਹਨਾਂ ਖੱਡਿਆਂ 'ਚੋਂ ਲੱਭਦੀ।

## ਚੰਨਣ ਦੇ ਉਹਲੇ

ਹਾਂ ਸੋਚਦਾ
ਉਹ ਤਨ ਆਪਣੇ ਤੇ
ਲਿਬਾਸ ਚਾਨਣੀ ਦਾ ਪਾਵੇ
ਚੰਦਨ ਮੰਗ ਉਧਾਰਾ ਚੰਦ ਤੋਂ
ਮੱਥੇ ਟਿੱਕਾ ਲਗਾਵੇ
ਛੁੱਪਦੇ ਸੂਰਜ ਦੀ ਲਾਲੀ
ਹੋਠਾਂ ਆਪਣਿਆਂ ਤੇ ਚੜ੍ਹਾਵੇ
ਅਸਮਾਨੀ
ਤਾਰਿਆਂ ਦਾ ਹਾਰ
ਗਲ ਆਪਣੇ ਪਾਵੇ
ਕਰਕੇ ਕਿਰਨਾਂ ਦੀ ਸਵਾਰੀ
ਫ਼ਿਰ ਧਰਤੀ ਤੇ ਆਵੇ
ਵਿੱਖਰਨਗੀਆਂ ਮਹਿਕਾਂ
ਚਹਿਕਣਗੇ ਪੰਛੀ
ਖਿੜਨਗੇ ਫ਼ੁੱਲ
ਵੰਡਣਗੇ ਸੁਗੰਧੀਆਂ
ਜਾਗ ਪੈਣਗੇ ਫ਼ਿਰ
ਸੁੱਤੇ ਹੋਏ ਸੁਪਨੇ
ਕੰਜਕਾਂ ਕੁਆਰੀਆਂ ਦੇ
ਆਉਣਗੀਆਂ ਸਭ ਰਲ ਕੇ
ਮੰਗਣ ਲਈ ਤੇਰਾ ਰੂਪ
ਬਾਗਾਂ ਅੰਦਰ
ਚੋਰੀ-ਚੋਰੀ
ਝਾਤੀਆਂ ਮਾਰਦੀਆਂ ਹੋਈਆਂ।

## ਗ਼ਜ਼ਲ

ਲੋਭ ਦੇ ਦਰਿਆ ਖੋਰ ਕੇ ਲੈ ਗਏ, ਸੁੱਖ ਦਾ ਸਭ ਸਮਾਨ,
ਵਸਦਾ ਰਸਦਾ ਘਰ ਤੁਰ ਗਿਆ, ਬਚ ਗਿਆ ਸਿਰਫ ਮਕਾਨ।

ਬਾਰੀਂ ਵਰਸੀਂ ਖੱਟਣ ਗਏ ਦਾ, ਨਾ ਕੋਈ ਸੁੱਖ ਸੁਨੇਹਾ,
ਮੈਨਾ ਦੇ ਹੋਠਾਂ ਤੋਂ ਮੁੱਕ ਗਈ, ਗਾਉਂਦੀ ਹੋਈ ਮੁਸਕਾਨ।

ਜਿਸ ਦਿੱਲੀ ਨੇ ਮੇਰੇ ਪਿੰਡ ਦੀ, ਸਭ ਹਰਿਆਵਲ ਚੱਟੀ,
ਉਸ ਦਿੱਲੀ ਅੱਗੇ ਹੱਥ ਅੱਡੇ, ਮੇਰੇ ਪਿੰਡ ਨਾਦਾਨ।

ਦੁੱਖ ਦੇ ਭੰਨੇ, ਭੁੱਖ ਦੇ ਮਾਰੇ ਜਿਸ ਦਿਨ ਜਾਗੇ ਲੋਕ,
ਕੁਰਸੀ ਤੇ ਰੋਟੀ ਦਾ ਹੋਣਾ, ਉਸ ਦਿਨ ਫਿਰ ਘਮਸਾਨ।

'ਦਾਸ ਭਾਰਤੀ' ਤੇਰੇ ਲਈ ਤਾਂ, ਮੁੱਕੀ ਨਾ ਅਜੇ ਗੁਲਾਮੀ,
ਹੱਲ੍ਹਿਆਂ ਵੇਲੇ ਭਾਵੇਂ ਫਰੰਗੀ, ਛੱਡ ਗਏ ਹਿੰਦੋਸਤਾਨ।

# ਅੰਨ੍ਹਾ ਖੂਹ

ਆਥਣ ਵੇਲੇ
ਸੂਰਜ ਦੀ ਲਾਲੀ
ਮਨ ਡੁੱਬਦਾ ਹੈ
ਤਨ ਖੁੱਭਦਾ ਹੈ
ਇਹ ਹਰ ਰੋਜ਼
ਕਿੱਥੇ ਜਾ ਛੁਪਦਾ ਹੈ
ਡੁੱਬ ਜਾਏ, ਖੁੱਭ ਜਾਏ
ਜਾਏ ਜਿੱਥੇ ਮਰਜ਼ੀ
ਪੀੜ ਤਾਂ ਸਹਿਣੀ ਏ
ਤਨ ਨੇ ਹੀ
ਚੀਸ ਤਾਂ ਜਾਣੀ ਏ
ਮਨ ਨੂੰ ਹੀ
ਵਾਸਾ ਹੈ ਉਸਦਾ
'ਚ ਮਨ ਦੇ ਹੀ
ਵਾਂਗ ਹੈ ਉਹ
ਅੰਧੇਰੇ ਖੂਹ ਦੀ ਤਰ੍ਹਾਂ
ਬਿਨ ਮੌਣ ਦੇ
ਲੱਖ ਕੋਸ਼ਿਸ਼ਾਂ
ਨਹੀਂ ਮਾਪਣ ਦਿੰਦੀਆਂ
ਇਸ ਦੀ ਗਹਿਰਾਈ
ਬਸ ਹੈ ਇਸ ਵਿੱਚ
ਸੁਪਨੇ ਹੀ ਸੁਪਨੇ
ਲੈ ਜਾਂਦੇ ਨੇ ਉੱਡਾ ਕੇ
ਬਹੁਤ ਦੂਰ
ਦੁਨੀਆ ਤੋਂ।

## ਕਤਲ

ਰਾਤ ਦਾ ਹਨ੍ਹੇਰਾ
ਸੰਨਾਟਾ ਛਾਇਆ ਹੋਇਆ
ਠੰਡੀ-ਠੰਡੀ ਵਗਦੀ ਹਵਾ
ਤੁਰ ਪੈਂਦਾ ਹਾਂ
ਕਮਰੇ ਤੋਂ ਬਾਹਰ ਨੂੰ
ਇਹ ਸੋਚ
ਉਡੀਕ ਰਿਹਾ ਹੈ
ਬਾਹਰ ਕੋਈ
ਹਨੇਰੇ ਦੀ ਆੜ 'ਚ
ਹੌਲੀ-ਹੌਲੀ ਕਦਮ ਪੁੱਟਦਾ
ਹੋ ਜਾਂਦਾ ਹਾਂ
ਹਨੇਰੇ ਨਾਲ ਹਨੇਰਾ
ਜਾ ਪਹੁੰਚਦਾ ਹਾਂ
ਸ਼ਮਸ਼ਾਨ ਜਿਹੇ ਚੌਕ ਤੇ
ਲੈ ਹਨੇਰੇ ਦਾ ਸਹਾਰਾ
ਛੁਪਾ ਰਿਹਾ ਸੀ ਕੁਝ
ਕੱਚਰੇ ਦੇ ਡੱਬੇ ਵਿਚ
ਨਵਜਾਤ ਦੀ ਚੀਖ਼
ਹਨੇਰੀ ਰਾਤ ਨੂੰ ਡੰਗਦੀ
ਮੇਰੀ ਕਲਮ ਨੂੰ ਖੋਹ
ਹਨੇਰੇ 'ਚ ਦਫ਼ਨ ਹੋ ਗਈ।

## ਸਫ਼ਰ ਦ੍ਰਿਸ਼—1

ਬਾਰੀ ਵਿੱਚੋਂ
ਬਾਹਰ ਦੇਖਿਆ
ਚਿਹਰੇ ਤੇ ਝੂਠੀ ਜਿਹੀ ਮੁਸਕਾਨ
ਮਸਨੂਈ ਰੰਗੀ ਮੁਸਕਰਾਹਟ
ਪੰਛੀਆਂ ਦੀ ਚਹਿ-ਚਹਾਟ
ਖੇਤ ਦੀ ਹਰਿਆਲੀ
ਚਿੜੀਆਂ ਦਾ ਸੰਗੀਤ
ਤਿੱਤਲੀਆਂ ਦਾ
ਫੁੱਲਾਂ ਤੇ ਮੰਡਰਾਉਣਾ
ਝਰਨੇ ਦਾ ਵਗਣਾ
ਕੰਡਕਟਰ ਨੇ ਭਰਵੀ ਝਾਤ ਮਾਰੀ
ਤੇ ਸੀਟੀ ਮਾਰ ਦਿੱਤੀ
ਚੱਲਦੀ ਬਸ ਦੀ ਗਤੀ
ਘਟਦੀ ਘਟਦੀ ਰੁੱਕ ਗਈ।

## ਸਫ਼ਰ ਦ੍ਰਿਸ਼—2

ਲਾਲ ਬੱਤੀ ਦਾ
ਜਗਣਾ ਤੇ ਬੁੱਝਣਾ
ਨਹੀਂ ਸੀ ਕਹਿੰਦਾ
ਰੁਕਣ ਨੂੰ
ਇਹ ਤਾਂ ਨਾ-ਮਾਤਰ ਸੰਕੇਤ ਸੀ
ਹਨ ਉਹ ਵੀ ਰੁਕੇ
ਚੌਕ ਦੇ ਦੂਸਰੇ ਪਾਸੇ
ਅੱਗੇ ਵਧਣ ਦੀ ਉਡੀਕ 'ਚ।

## ਸਫ਼ਰ ਦ੍ਰਿਸ਼—3

ਸੜ ਰਹੇ
ਸ਼ਹਿਰ ਦੇ ਉੱਤੋਂ
ਧੂੰਏਂ ਵਿੱਚੋਂ
ਲੰਘਦਾ ਪੰਛੀ
ਫੜਫੜਾਉਂਦਾ ਹੋਇਆ
ਅੱਗ ਵਿੱਚ ਝੁਲਸਿਆ
ਤਿੱਖੀ ਚੁੰਝ 'ਚ ਫੜੇ
ਅੱਧ-ਸੜੇ
ਕਾਗਜ਼ ਦੇ ਟੁਕੜੇ ਤੇ
ਲਿਖਿਆ ਸੀ
ਜੋ ਫੁੱਲ
ਅਜੇ ਖਿੜੇ ਨਹੀਂ
ਸਵੇਰ ਹੋਣ ਤੱਕ
ਉਹਨਾਂ ਨੂੰ
ਖਿੜਨ ਦਿਉ।

## ਦੁੱਧ ਦਾ ਰੰਗ

ਤਿੱਤਲੀ ਉੱਡਦੀ ਹੈ
ਤੇ ਬਹਿ ਜਾਂਦੀ ਏ
ਰੰਗ ਬਰੰਗੇ ਫੁੱਲਾਂ ਤੇ
ਕਦੇ ਕਦਾਈਂ ਰਲ ਜਾਂਦੀ ਏ
ਇਹ ਕਾਲ-ਕਲੋਟੇ
ਭੌਰਿਆਂ ਸੰਗ ਵੀ
ਸ਼ਾਇਦ ਉਹ ਜਾਣਦੀ ਹੈ
ਇਨ੍ਹਾਂ ਨੂੰ ਜੰਮਣ ਵਾਲੀਆਂ
ਮਾਂਵਾਂ ਦੀਆਂ ਛਾਤੀਆਂ ਅੰਦਰ
ਦੁੱਧ ਦਾ ਰੰਗ
ਅਜੇ ਵੀ ਚਿੱਟਾ ਹੈ।

## ਵਗਦੇ ਪਾਣੀ

ਨਦੀ ਕਿਨਾਰੇ
ਪਈ ਰੇਤ ਨੇ ਕਿਹਾ
ਨਾ ਪਾ ਸਾਂਝ
ਨਾ ਪਾਲ ਮੋਹ
ਨਾ ਕਰ ਤੇਹ.......
ਇਹ ਵਗਦੇ ਪਾਣੀ ਨੇ
ਇਹ ਚਲਦੇ ਜੋਗੀ ਨੇ
ਤੁਰਦੇ ਤੁਰੇ ਜਾਂਦੇ ਨੇ
ਵਗਦੇ ਵਗੀ ਜਾਂਦੇ ਨੇ।

## ਸੌਦਾਗਰਾਂ ਦੇ ਨਗਰ

ਐ ਨਵੀਂ ਫੁੱਟੀ ਕਰੂੰਬਲੇ
ਤਾਜ਼ੀ ਖਿੜੀ ਕਲੀਏ
ਸੌਦਾਗਰਾਂ ਦੇ ਇਸ ਸ਼ਹਿਰ 'ਚ
ਆਪਣੀ ਮਹਿਕ ਨੂੰ
ਵਰਜ ਕੇ ਰੱਖ
ਰੋਕ ਕੇ ਰੱਖ
ਕਿਸੇ ਪਟਾਰੀ 'ਚ ਡੱਕ......
ਕਮਲੀਏ
ਇਸ ਨਗਰ ਦੇ ਵਪਾਰੀ
ਮਹਿਕਾਂ ਦੇ ਦਲਾਲ
ਅੱਖਾਂ ਦੀ ਮੈਲੀ ਤੱਕੜੀ 'ਚ
ਅੰਗ ਅੰਗ ਤੋਲਦੇ ਨੇ
ਰੂਹ ਨੂੰ ਮਿੱਧ ਕੇ
ਜਿਸਮ ਟਟੋਲਦੇ ਨੇ।

## ਮੁਹੱਬਤ ਦੇ ਸਿਰਨਾਵੇਂ

ਮੁਹੱਬਤ ਦੇ ਸਿਰਨਾਵੇਂ ਲਿਖਣ ਲਈ
ਕਾਗਜ਼ ਜਾਂ ਕਲਮ ਦੀ ਲੋੜ ਨਹੀਂ ਹੁੰਦੀ
ਇਹ ਤਲੀਆਂ ਤੇ ਲਿਖੇ ਜਾਂਦੇ ਨੇ
ਪੋਟਿਆਂ ਤੇ ਲਿਖੇ ਜਾਂਦੇ ਨੇ
ਪਰ ਅੱਖਾਂ 'ਚ ਪੜ੍ਹੇ ਜਾਂਦੇ ਨੇ
ਲੋਕ ਇਹ ਸਿਰਨਾਵੇਂ
ਰੁੱਖਾਂ ਤੇ ਲਿਖਦੇ ਨੇ
ਪੱਥਰਾਂ 'ਤੇ ਖੁਣਦੇ ਨੇ
ਪਹਾੜਾਂ 'ਤੇ ਉੱਕਰਦੇ ਨੇ
ਦੀਵਾਰਾਂ 'ਤੇ ਲਿਖਦੇ ਨੇ
ਦੀਵਾਨਗੀ ਦੇ ਆਲਮ 'ਚ
ਸਮੁੰਦਰ ਦੀ ਰੇਤ 'ਤੇ ਲਿਖਦੇ ਨੇ.........
ਹੋਟਲਾਂ, ਸਰਾਵਾਂ ਤੇ ਗੁਫਾਵਾਂ 'ਚ ਲਿਖੇ
ਇਹ ਸਿਰਨਾਵੇਂ
ਸਮੇਂ ਨਾਲ ਹੋਰ ਗੂੜ੍ਹੇ ਹੋ ਜਾਂਦੇ ਨੇ
ਭਾਵੇਂ ਰਿਸ਼ਤਿਆਂ ਦੇ ਰੰਗ
ਫਿੱਕੇ ਹੋਣ ਜਾਂ ਬੱਕਬਕੇ
ਪਰ ਮੁਹੱਬਤ ਦੇ ਰੰਗ 'ਚ ਲਿਖੇ
ਵਕਤ ਦੇ ਸਫ਼ੇ ਦੇ ਇਹ ਅੱਖਰ
ਅਮਿੱਟ ਰਹਿੰਦੇ ਨੇ
ਤੇ ਆਪਣੀ ਠਹਿਰ ਗਈ ਉਮਰ ਦੀ
ਕਥਾ ਕਹਿੰਦੇ ਨੇ..............।

# ਧਰਮ ਗੁਰੂ

ਇਹ ਧਰਮ ਗੁਰੂ ਨਹੀਂ
ਛੇਕੇ ਹੋਏ ਮਸੰਦ ਨੇ
ਜਾਂ ਨ੍ਹੇਰ-ਕਾਇਆ ਦੇ ਸੰਦ ਨੇ
ਟੀ. ਵੀ. ਦੀ ਰੰਗਦਾਰ ਚਮਕ 'ਚ
ਤੇ ਲਿਸ਼ਕਦੇ ਬਸਤਰਾਂ ਦੇ ਜਲੌ 'ਚ
ਹੋਰ ਤਲਿੱਸਮੀ ਹੋ ਜਾਂਦੇ ਨੇ
ਇਹਨਾਂ ਦੇ ਬਚਨ-ਬਿਲਾਸ
ਤੇ ਉਧਾਰੇ ਪ੍ਰਵਚਨ
ਤੰਤਰ-ਮੰਤਰ ਦੀਆਂ ਫਿਰਕੀਆਂ 'ਚ ਫਸੇ
ਲੋਕਾਂ ਲਈ
ਹੋਰ ਗੁੰਝਲਦਾਰ ਹੋ ਜਾਂਦੇ ਨੇ
ਜੀਵਨ ਦੇ ਰਹੱਸ
ਤੇ ਉਮਰ ਆਤਮਿਕ ਉਡਾਨ ਦੇ ਨਾਂ ਤੇ
ਤਣ ਜਾਂਦੀ ਹੈ
ਇਹ ਇੱਕੀਵੀਂ ਸਦੀ 'ਚ ਵਸਦੇ
ਮੱਧ-ਯੁੱਗੀ ਭਾਰਤ ਦੇ
ਲਿਸ਼ਕੇ-ਮੁਸ਼ਕੇ ਮਦਾਰੀ ਨੇ
ਇਹਨਾਂ ਦੀ ਡੁਗਡੁਗੀ
ਹੁਣ ਚੌਕਾਂ ਚੁਰਾਹਿਆਂ 'ਚ ਨਹੀਂ
ਦਿੱਲੀ ਦੇ ਗਲਿਆਰਿਆਂ ਤੱਕ
ਵੱਜਦੀ ਏ
ਤੇ ਸੰਸਦ ਭਵਨ ਦੀ
ਹਰ ਕੁਰਸੀ
ਇਨ੍ਹਾਂ ਦੀ ਡੰਡੌਤ ਕਰਦੀ ਏ..............।

## ਸਮਾਂ, ਸੂਰਜ ਤੇ ਮੈਂ

ਨਾ ਮੇਰਾ ਸਮੇਂ ਨਾਲ ਕੋਈ ਸ਼ਰੀਕਾ ਹੈ
ਨਾ ਸੂਰਜ ਨਾਲ ਲਾਗ-ਡਾਟ ਹੀ
ਸਮਾਂ ਆਪਣੀ ਗਤੀ 'ਚ ਹੈ
ਸੂਰਜ ਆਪਣੀ ਦਿਸ਼ਾ 'ਚ
ਤੇ ਮੈਂ ਆਪਣੇ ਸਫ਼ਰ 'ਚ.........
ਪਰ ਫ਼ਿਰ ਵੀ ਸਮਾਂ.....
ਮੇਰੇ ਹੱਥੋਂ ਰੇਤ ਵਾਂਗ ਤਿਲਕਦਾ ਹੈ
ਤੇ ਮੈਂ ਦਰਿਆ ਕਿਨਾਰੇ
ਉਦਾਸ ਬੱਚੇ ਵਾਂਗ
ਰੇਤ ਦਾ ਘਰ ਬਣਾਉਂਦਾ ਹਾਂ
ਤੇ ਫਿਰ ਜਿੱਦੀ ਬੱਚੇ ਵਾਂਗ
ਢਾਅ ਆਉਂਦਾ ਹਾਂ
ਸੂਰਜ ਆਉਂਦਾ ਵੀ ਅਰਾਮ ਨਾਲ ਹੈ
ਤੇ ਜਾਂਦਾ ਵੀ ਸਹਿਜ ਤੋਰੇ
ਪਰ ਸਾਹਾਂ ਦਾ ਲੇਖਾ
ਜਦ ਸਮਾਂ ਸੂਚਕ ਘੜੀਆਂ ਤੋਂ ਲਹਿਕੇ
ਘੰਟਿਆਂ 'ਚ ਬਦਲਦਾ ਹੈ
ਜਦ ਘੰਟਿਆਂ 'ਚੋਂ ਨਿਕਲ
ਦਿਨਾਂ 'ਚ ਤਬਦੀਲ ਹੁੰਦਾ ਹੈ

ਰਾਤ ਦੇ ਸੀਨੇ 'ਚ ਉੱਤਰਦਾ ਹੈ
ਤਾਂ ਮੈਨੂੰ ਲਗਦਾ ਹੈ
ਕਿ ਸਮੇਂ ਦਾ ਇਹ ਰੱਥ
ਰਾਹਾਂ ਤੋਂ ਦੀ ਹੋ ਕੇ ਨਹੀਂ
ਮੇਰੀ ਰੂਹ ਨੂੰ
ਮਿੱਧ ਕੇ ਉਲੰਘਦਾ ਹੈ
ਤੇ ਉਦੈ ਹੋ ਰਿਹਾ ਸੂਰਜ
ਮੇਰੇ ਸਫ਼ਰ ਲਈ-ਮੀਲ ਪੱਥਰ ਨਹੀਂ
ਇੱਕ ਚਣੌਤੀ ਹੈ
ਤੇ ਇਹ ਚਣੌਤੀ ਨੂੰ
ਫਿਰ ਮੈਂ ਸਵੀਕਾਰ ਕਰਦਾ ਹਾਂ
ਤੇ ਦਿਨ ਭਰ ਦੇ ਯੁੱਧ ਲਈ
ਮੈਂ ਆਪਣੇ ਆਪ ਨੂੰ ਤਿਆਰ ਕਰਦਾ ਹਾਂ।

## ਰਿਸ਼ਤੇ ਦੀ ਤੰਦ ਵਿਚਕਾਰ

(ਆਪਣੀ ਜੀਵਨ-ਸਾਥਣ ਨਿਰਮਲ ਕੌਰ ਲਈ)

ਤੇਰੇ ਤੇ ਮੇਰੇ ਇਸ ਰਿਸ਼ਤੇ ਨੂੰ
ਇਸ ਮਿਲਾਪ ਨੂੰ
ਕਿਸੇ ਨੇ ਉਮਰਾਂ ਦੀ ਗੰਢ ਕਿਹਾ ਹੈ
ਤੇ ਕਿਸੇ ਨੇ ਸੱਤ ਜਨਮਾਂ ਦਾ ਮੇਲ
ਪਰ ਮੈਂ
ਮੈਂ ਇਸ ਮੇਲ ਤੋਂ ਪਹਿਲਾਂ
ਜਿਸਮਾਂ ਦੀ ਖੇਲ ਤੋਂ ਪਹਿਲਾਂ
ਕਹਿਣਾ ਚਾਹੁੰਦਾ ਹਾਂ
ਦੱਸਣਾ ਚਾਹੁੰਦਾ ਹਾਂ
ਕਿ ਇਹ ਠੀਕ ਹੈ
ਰਿਸ਼ਤਾ ਉਮਰਾਂ ਦੀ ਗੰਢ ਬਣੇ
ਜਨਮਾਂ ਦਾ ਸਾਥ ਵੀ
ਪਰ ਇਸ ਦੀਆਂ ਤੰਦਾਂ ਵਿਚਾਲੇ
ਜੋ ਮਹੀਨ ਜਿਹੀ ਵਿਰਲ ਹੈ
ਵਿਹਲ ਹੈ
ਇਸ ਦੀ ਵੀ ਅਜਬ ਲੀਲ੍ਹਾ ਹੈ
ਅਜੀਬ ਖੇਲ ਹੈ

ਇਹ ਕਦੀ ਕਦੀ ਕਹਿ ਦਿੰਦਾ
ਕਿ ਜੀਵਨ-ਜੀਵਨ ਨਹੀਂ
ਮਿੱਠੀ ਕੈਦ ਹੈ ਉਮਰ ਲਈ ਜੇਲ੍ਹ ਹੈ.........
ਇਸ ਵਿਰਲ ਨੂੰ-ਮਹੀਨ ਜੋੜ ਨੂੰ
ਜਾਂ ਇਸ ਕਲਮੂੰਹੇ ਕੋਹੜ ਨੂੰ
ਆਪਾਂ ਰੂਹ ਦੀ ਸਰਹੱਦ ਕਹੀਏ
ਜਾਂ ਸਮਾਜੀ ਵਰਣਮਾਲਾ ਦਾ
ਅੰਬਰੀ ਕੱਦ ਕਹੀਏ......
ਬਸ ਇਹ ਥਾਂ
ਉਹਨਾਂ ਪਲਾਂ ਦੇ ਨਾਂ ਕਰੀਏ
ਉਹਨਾਂ ਛਿਣਾ ਨੂੰ ਅਰਪੀਏ
ਜਿਹੜੇ ਪਲ ਜਿਹੜੇ ਛਿਣ
ਹਯਾਤੀ ਦੇ ਸਾਰੇ ਖਲਜਗਣਾਂ 'ਚੋਂ
ਬੇ-ਤਰਤੀਬੀਆਂ ਤੇ ਉਲਝਣਾਂ 'ਚੋਂ
ਸਿਰਫ਼ ਆਪਣੇ ਆਪ ਲਈ
ਜੀਣੇ ਨੇ
ਆਪਣੇ ਆਪ ਲਈ ਮਾਨਣੇ ਨੇ...........।

## ਸਫ਼ਰ

(ਭਵਿੱਖ ਦੇ ਵਾਰਿਸ—ਮਨੀ ਲਈ)

ਦੇਖ ਰਿਹਾ ਹਾਂ-ਆਪਣੇ ਬੱਚੇ ਨੂੰ
ਹੌਲੀ-ਹੌਲੀ ਵੱਡਾ ਹੁੰਦਾ-ਜਵਾਨ ਹੁੰਦਾ
ਨੋਟ ਕਰਦਾ ਹਾਂ
ਕਾਹਲੀ ਕਾਹਲੀ ਨਾਸ਼ਤਾ ਕਰਦੇ ਨੂੰ
ਫੋਨ-ਸੁਣਦੇ ਨੂੰ
ਨਿੱਕੇ-ਮੋਟੇ ਕੰਮ ਕਰਦੇ ਨੂੰ
ਯਾਦ ਕਰਦਾ ਹਾਂ—ਆਪਣਾ ਬਚਪਨ
ਆਪਣਾ ਬਾਲਪਨ
ਬਾਪੂ ਟੋਕਦਾ ਸੀ ਘੂਰਦਾ ਸੀ
ਆਖਦਾ ਸੀ—'ਦਮ ਲੈ, ਲੈ-
ਠਹਿਰ ਜਾ, ਰੁੱਕ ਜਾ
ਸਬਰ ਕਰ.............
ਪਰ ਪੈਰ ਸੀ ਕਿ ਮਚਦੇ ਸਨ
ਹੱਥ ਸਨ ਕਿ ਫਰਕਦੇ ਸੀ
ਤੇ ਫਿਰ ਯਾਦ ਕਰਦਾ ਹਾਂ
ਉਮਰ ਭਰ ਦੀ ਭੱਜ ਦੌੜ
ਤੇ ਅੰਨ੍ਹੀ ਗਲੀ ਦੇ ਕੂਹਣੀ ਮੋੜ
ਜਿਨ੍ਹਾਂ ਸੰਗ ਅੱਜ ਵੀ ਗਹਿਰਾ ਨਾਤਾ ਹੈ
ਬਾਕੀ ਹਨ੍ਹੇਰ ਖਾਤਾ ਹੈ
ਤੇ ਮੇਰਾ ਬੱਚਾ ਹੁਣ ਕਾਹਲ 'ਚ ਹੈ
ਰਾਕਟੀ ਰਫ਼ਤਾਰ 'ਚ ਹੈ
ਮੈਂ ਬਾਪੂ ਵਾਂਗ ਆਖਦਾ ਹਾਂ
'ਕਮਲਿਆ ਸਹਿਜ ਹੋ ਜਾ
ਸਰਲ ਹੋ ਜਾ
ਚੋਅ ਵਾਂਗ ਨਹੀਂ-ਨਦੀ ਵਾਂਗ
ਨ੍ਹੇਰੀ ਵਾਂਗ ਨਹੀਂ-ਹਵਾ ਵਾਂਗ
ਪਰ ਉਹਦੀਆਂ ਅੱਖਾਂ 'ਚ
ਤੂਫ਼ਾਨ ਝਲਕਦਾ ਹੈ
ਤੇ ਪੈਰਾਂ ਥੱਲਿਉਂ ਭਾਂਬੜ ਨਿਕਲਦਾ ਹੈ।

# ਨਿਪੁੰਸਕ ਚੌਗਿਰਦਾ

ਯਾਰੋ! ਕਦੋਂ ਸੋਚਿਆ ਸੀ
ਕਿ ਹਨ੍ਹੇਰੀ ਸ਼ਾਹ-ਕਾਲੀ ਰਾਤ
'ਤੇ ਬੇਚਿਰਾਗੀ ਜ਼ਿੰਦਗੀ ਦੀ ਰੌਸ਼ਨੀ ਲਈ
ਅਸੀਂ ਕਿਸੇ ਬੀੜੀ
ਜਾਂ ਸਿਗਰਟ ਦੇ ਟੋਟੇ ਵਾਂਗ
ਧੁੱਖ-ਧੁੱਖ ਜਗਾਂਗੇ
ਕਦੋਂ ਸੋਚਿਆ ਸੀ
ਕਿ ਸਸਤੀ ਦਾਰੂ ਜਾਂ
ਬਲੈਕੀਏ ਤੋਂ ਖਰੀਦੀ ਸਪਿਰਟ ਨਾਲ
ਆਪਣਾ ਅੰਦਰ ਸਾੜ
ਰੌਸ਼ਨੀ ਦੀ ਤਿੱਪ ਲੱਭਾਂਗੇ
ਤੇ ਹੁਣ ਜਦੋਂ ਵਿੱਦਿਆ ਦੇ ਸਾਰੇ ਕੇਂਦਰ
ਮੰਡੀ ਦਾ ਹਿੱਸਾ ਹੋ ਗਏ ਨੇ
ਤਾਂ ਗਿਆਨ ਦਾ ਭਰਮ ਵੀ
ਵੇਸਵਾ ਦੀ ਮਹਿੰਦੀ ਦੇ ਸੁਪਨੇ ਵਰਗਾ
ਤੇ ਰੁਜ਼ਗਾਰ ਦਫ਼ਤਰ
ਖੱਸੀ ਸਾਨ੍ਹਾਂ ਦੇ ਸਲੋਤਰ-ਖਾਨਾ ਜਾਪਦਾ ਹੈ
ਮਿੱਤਰੋ-ਇਹ ਨਿਪੁੰਸਕ ਚੌਗਿਰਦਾ
ਸਾਨੂੰ-ਮਾਰ-ਖੰਡੀ ਮੱਝ ਵਰਗਾ ਲੱਗਦਾ ਹੈ
ਜਿਹੜੀ ਵੰਡ-ਵੜੇਵੇਂ ਤਾਂ
ਸਿਰ ਸੁੱਟ ਡਕਾਰਦੀ ਹੈ
ਪਰ ਧਾਰ ਕੱਢਣ ਵੇਲੇ
ਛੜ੍ਹਾਂ ਮਾਰਦੀ ਹੈ।

## ਭੁੱਖ ਦਾ ਸਫ਼ਰ

ਕੂਲੇ ਕੂਲੇ ਹੱਥਾਂ ਨਾਲ
ਦੋ ਗਰਾਹੀਆ ਮੇਰੇ ਲਈ ਤੋੜ
ਬਸ ਦੋ ਬੁਰਕੀਆਂ
ਆਪਣਾ ਕਹਿ ਕੇ
ਨੇੜੇ ਢੁੱਕ ਕੇ ਬਹਿ ਕੇ
ਮੇਰੇ ਮੂੰਹ ਵਿੱਚ ਪਾ
ਤਾਂ ਜੋ
ਉਮਰਾਂ ਦੇ ਭੁੱਖੇ ਦੀ ਭੁੱਖ
ਸ਼ਾਂਤ ਹੋ ਜਾਏ
ਸਦੀਆਂ ਤੋਂ ਭਟਕਦੇ ਦੀ
ਆਤਮਾ ਸ਼ਾਂਤ ਹੋ ਜਾਏ।

## ਸੁਪਨਾ

ਸੁਪਨੇ ਤਾਂ ਹੁਣ ਵੀ ਬਹੁਤ ਆਉਂਦੇ ਨੇ
ਪਰ ਉਹ ਸੁਪਨਾ
ਅਜੇ ਅੱਖਾਂ ਤੋਂ ਪਰੇ ਹੈ
ਉਹ ਸੁਪਨਾ ਨੀਂਦ ਤੋਂ ਦੂਰ ਹੈ
ਉਹ ਸੁਪਨਾ ਪਤਾ ਨਹੀਂ ਕਿੱਥੇ ਹੈ ?
ਕਦੋਂ ਆਏਗਾ ?
ਜਿਸ ਸੁਪਨੇ ਲਈ
ਮੈਂ ਕਲਪਨਾ ਦੀਆਂ ਪੌੜੀਆਂ ਚੜ੍ਹ
ਅੰਬਰ ਗਾਹੇ ਨੇ
ਜਿਸ ਸੁਪਨੇ ਲਈ
ਮੈਂ ਪਤਾਲ ਦੀ ਟੋਹ ਲਾਉਣੀ ਹੈ
ਸ਼ਾਇਦ ਉਸਨੇ ਅਜੇ
ਘਾਹ ਦੀ ਕਰੂੰਬਲ ਵਾਂਗ
ਫੁੱਟਣਾ ਹੈ
ਸ਼ਾਇਦ ਕਿਸੇ ਤਾਰੇ ਵਾਂਗ
ਟੁੱਟਣਾ ਹੈ

ਜਾਂ ਸ਼ਾਇਦ ਆਪਣੀ ਹੀ ਰੌਸ਼ਨੀ ਨਾਲ
ਚੁੰਧਿਆਏ ਹੋਏ
ਆਪਣੇ ਹੀ ਸੇਕ ਨਾਲ
ਪਿਘਲਾਏ ਹੋਏ
ਸੂਰਜ ਵਾਂਗ
ਉਹ ਸੁਪਨਾ ਵੀ
ਅੱਖਾਂ ਝਮਕਦਾ
ਅੱਖਾਂ ਮਟਕਦਾ
ਕਿਸੇ ਬੀਜ ਵਾਂਗ
ਕਿਸੇ ਅੰਕੁਰ ਵਾਂਗ
ਮਨ ਦੀ ਪਥਰੀਲੀ
ਤਨ ਦੀ ਹਠੀਲੀ
ਪਰਤ ਥੱਲੇ ਦੱਬਿਆ
ਪਿਆ ਹੈ
ਪਰ ਉਸ ਦੀ ਕਰੂੰਬਲ
ਜ਼ਰੂਰ ਫੁੱਟਣੀ ਹੈ
ਉਸ ਦਿਨ
ਸਤਹ ਦੀ ਪਰਤ ਟੁੱਟਣੀ ਹੈ।

## ਜ਼ਿੰਦਗੀ ਮੇਰੀ

ਜ਼ਿੰਦਗੀ ਮੇਰੀ ਤਾਂ ਸਫ਼ਰ ਦਰ ਸਫ਼ਰ ਹੈ
ਤੈਨੂੰ ਕੀ ਵਾਸਤਾ ਗੁਜ਼ਰੀ ਹੋਈ ਰਾਤ ਦਾ।
ਬਣ ਬੈਠੇ ਨੇ ਉਹ ਤਾਂ ਪੁੰਨਿਆ ਦਾ ਚੰਨ
ਇਹ ਤਾਂ ਲਿਸ਼ਕਾਰਾ ਹੈ ਪਿਆਰ ਦੀ ਝਾਤ ਦਾ।
ਨਾ ਉਸ ਗੱਲ ਕੀਤੀ ਨਾ ਅੱਖ ਭਰ ਤੱਕਿਆ
ਕਿੰਜ ਉਸਨੂੰ ਪਤਾ ਲੱਗਾ ਮੇਰੀ ਪਿਆਸ ਦਾ।
ਮੈਂ ਤਾਂ ਸੜੀ ਭੁੱਜੀ ਹਾਂ ਮਾਰੂਥਲ ਅੰਦਰ
ਉਸ ਦਾ ਦੀਦਾਰ ਤਾਂ ਹੈ ਮੋਹਲੇਧਾਰ ਬਰਸਾਤ ਦਾ।
ਜਿੰਨੀ ਵੀ ਗੁਜ਼ਰੀ ਹੈ, ਬਾਖ਼ੂਬ ਗੁਜ਼ਰੀ ਹੈ
ਪਤਾ ਨਹੀਂ ਆਉਣ ਵਾਲੀ ਪ੍ਰਭਾਤ ਦਾ।
ਜ਼ਹਿਰ ਪਿਆਲਾ 'ਭਾਰਤੀ' ਉਹ ਹੀ ਪੀ ਸਕਦਾ
ਸੀਨੇ ਵਿੱਚ ਦਿਲ ਜਿਸਦੇ ਹੈ ਸੁਕਰਾਤ ਦਾ।

## ਧਰਤੀ ਮਾਂ
(ਵਾਤਾਵਰਣ ਬਾਰੇ ਸੋਚਦਿਆਂ ਹੋਇਆਂ)

ਹੁਣ ਤਾਂ ਸੋਚੋ
ਰਾਜੇ ਵੈਨ ਦੀ ਪੋਤੀ
ਪ੍ਰਿਥੂ ਦੀ ਧੀਅ ਦਾ
ਪਿੰਡਾ ਹੋਰ ਨਾ ਖੁਰਚੋ
ਕਹਿੰਦੇ ਹਾਂ ਸਾਰੇ
ਜਿਸ ਨੂੰ ਧਰਤੀ ਮਾਂ
ਦਿੰਦੀ ਹੈ ਸਭ ਨੂੰ
ਰੱਜ ਖਾਣ ਨੂੰ ਟੁੱਕ
ਅੰਨ ਪਾਣੀ ਤੇ ਛਾਂ
ਰਿਸਦਾ ਸੀ ਜਿਸ ਦੇ
ਪੱਤੇ-ਪੱਤੇ 'ਚ ਰਸ
ਸਾਰੀ ਦੁਨੀਆਂ
ਗਾਉਂਦੀ ਸੀ ਜਸ
ਅੱਜ ਇਸ ਦੀਆਂ
ਸਦਾ ਲਵੇਰੀਆਂ
ਕਾਮਧੇਨੂੰ ਗਊਆਂ
ਦਰਜਾ ਮਾਂ ਦਾ ਖੁਸਣ ਤੇ
ਭੁੱਖੀਆਂ ਅਵਾਰਾ ਹੋ
ਸੜਕਾਂ ਤੇ ਘੁੰਮ ਰਹੀਆਂ ਨੇ
ਆਉਂਦੇ ਜਾਂਦੇ ਰਾਹੀਆਂ ਦੇ
ਢਿੱਡ ਪਰੁੰਨ ਰਹੀਆਂ ਨੇ

ਮੇਰੀ ਹਾਲਤ ਹੈ
ਘਰ ਵਿਚ.......
ਨਵ ਵਿਆਹੀ ਆਈ ਨੂੰਹ ਦੀ ਤਰ੍ਹਾਂ
ਨਿੱਤ ਸਾਲ ਫੱਟਦਾ ਹੈ ਸਟੋਵ
ਲਗਾਈ ਜਾਂਦੀ ਹੈ ਅੱਗ
ਜ਼ਾਹਿਰ ਹੈ ਇਹ ਜੱਗ
ਨਿੱਤ ਪਾ-ਪਾ ਰਸਾਇਣਕ ਖਾਦਾਂ
ਤੇ ਕੀੜੇ ਮਾਰ ਦਵਾਈਆਂ
ਬੂਟਾ ਰਲ ਜੋ ਲਾਇਆ ਹੈ
ਫਲ ਉਸ ਬੂਟੇ ਤੇ ਭਰਮਾਂ
ਨਿੱਖਰ ਕੇ
ਕੈਂਸਰ ਦਾ ਆਇਆ ਹੈ
ਘਰ-ਘਰ ਇਸ ਬੂਟੇ
ਡੇਰਾ ਆਣ ਜਮਾਇਆ ਹੈ
ਬਸ ਕਰੋ, ਬਸ ਕਰੋ
ਨਹੀਂ ਸਹਿ ਸਕਦੀ ਮੈਂ
ਹੁਣ ਹੋਰ ਤਸ਼ੱਦਤ
ਤੁਹਾਡੀ ਸਭ ਦੀ ਮਾਂ, ਸਾਂਝੀ ਮਾਂ
ਧਰਤੀ ਮਾਂ, ਧਰਤੀ ਮਾਂ।

# ਪ੍ਰਕਿਰਤੀ ਦੇ ਪੰਨੇ ਤੋਂ

ਪਹਾੜ
ਆਪਣੇ ਹੀ ਭਾਰ ਨਾਲ
ਹੋ ਗਏ ਜ਼ਮੀਨ ਦੋਜ਼
ਪੁੱਛਦੇ ਜਾਂ ਪਤਾਲ ਪੁਰੀ
ਹਾਂ ਅਸੀਂ ਇੰਨੇ ਭਾਰੇ ਕਿਉਂ ?
ਅਰਥ ਸ਼ਬਦਾਂ ਨੂੰ ਲੱਭਦੇ
ਜਾ ਪਹੁੰਚੇ ਨੇ
ਮਹਾਨ ਸ਼ਬਦ ਕੋਸ਼ਾਂ ਅੰਦਰ
ਅਸੀਂ ਹਾਂ ਅਰਥ ਤੁਸਾਂ ਦੇ
ਪਰ ਕੀਤਾ ਹੈ ਵੱਖ ਕਿਸ ਨੇ
ਇਕ ਦੂਸਰੇ ਤੋਂ ਅਸਾਂ ਨੂੰ।
ਰਵਾਨਗੀ
ਰੁੱਕ ਗਈ ਪਾਣੀਆਂ ਦੀ
ਮੱਛਲੀਆਂ
ਘੋਸਲੇ ਬਣਾਏ ਟੀਸੀਆਂ ਤੇ
ਜਲ-ਗਰੱਸਤ
ਹੋਏ ਅੱਜ ਪੰਛੀ
ਪਸ਼ੂ
ਕਰ ਗਏ ਸ਼ਹਿਰੀਕਰਨ
ਮਾਨਵ
ਬਣ ਚੋਪਾਇਆ ਜੰਗਲੀ ਹੋਇਆ
ਮਹਿਕਾਂ, ਫ਼ੁੱਲਾਂ ਦੀਆਂ
ਭੌਰੇ, ਤਿੱਤਲੀਆਂ
ਚਪਟ ਕੀਤੀਆਂ।

ਪ੍ਰਕਿਰਤੀ ਅੱਜ
ਸਵਾਲ ਪੁੱਛਦੀ ਮਨੁੱਖ ਨੂੰ
ਆਪਣੀ ਚਾਲ ਤੇ ਗਤੀ ਬਾਰੇ
ਮੰਗਦੇ ਨੇ
ਸਵਾਲਾਂ ਦੇ ਜਵਾਬ ਸਭ ਅੱਜ।
ਆਖੋ ਪਹਾੜਾਂ ਨੂੰ
ਟਿੱਕੇ ਰਹੋ ਆਪਣਾ ਭਾਰ ਚੁੱਕੀ
ਅਰਥ ਸ਼ਬਦਾਂ ਦੇ
ਰਹਿਣ ਦਿਉ ਕਵੀ ਦੀ ਬੁੱਕਲ ਵਿਚ
ਵਗਣ ਦਿਉ ਪਾਣੀਆਂ ਨੂੰ
ਆਪਣੀ ਰਵਾਨਗੀ ਵਿਚ
ਕਰਨ ਦਿਉ
ਮੱਛਲੀਆਂ ਨੂੰ ਕਲੋਲਾਂ
ਪਾਣੀਆਂ ਸੰਗ ਮਿਲ ਕੇ।

## ਤਰੱਦਤ

ਰੰਗ
ਬਦਲ ਲੈਂਦੇ ਨੇ ਰੰਗ ਆਪਣਾ
ਸਮਾਂ ਬਦਲਣ ਦੇ ਨਾਲ
ਕਦੇ ਇਹ
ਉਦਾਸ ਹੋ ਜਾਂਦੇ ਨੇ
ਤੇ ਕਦੇ ਲੱਗ ਪੈਂਦੇ ਨੇ ਹੱਸਣ
ਤੇ ਕਦੇ ਗੱਲ ਦਿਲ ਦੀ ਦੱਸਣ
ਕਦੇ ਚੁਪ-ਚਾਪ
ਪੀੜਾਂ ਪੀ ਲੈਂਦੇ ਨੇ
ਤੇ ਹੋਂਠਾਂ ਨੂੰ ਸੀਅ ਲੈਂਦੇ ਨੇ।
ਕਦੇ ਲਾਲ ਸੁਰਖ਼ ਫ਼ੁੱਲ ਬਣਦੇ ਨੇ
ਪਾ ਪਿਆਰ
ਆਪਣਿਆਂ ਨੂੰ ਹੀ ਡੰਗਦੇ ਨੇ
ਕਲੀਆਂ ਲੈ ਚਿੱਟੀ ਚਾਦਰ
ਸੋਗ 'ਚ ਡੁੱਬ ਜਾਂਦੀਆਂ ਨੇ

ਆਪਣਿਆਂ ਨੂੰ ਯਾਦ ਕਰ
ਕੱਚਾ ਘੜਾ ਭੰਨਦੀਆਂ ਨੇ।
ਪੀਲੇ-ਪੀਲੇ
ਰੰਗਾਂ ਦੇ ਕਚਨਾਰ
ਸੁਨਹਿਰੀ ਭਵਿੱਖ ਦੀ ਆਸ ਰੱਖਦੇ ਨੇ
ਚੋਰੀ-ਚੋਰੀ ਝਾਤੀਆਂ ਪਾ
ਪਾਸ ਆਪਣੇ ਬੁਲਾ
ਬੁੱਕਲ 'ਚ ਸਮਾ
ਜਾਣ ਦੀ ਚੇਸ਼ਟਾ ਦੱਸਦੇ ਨੇ
ਸੰਧੂਰ ਗੁਲਾਬੀ
ਸੁਹਾਗਣ ਦੀ ਮਾਂਗ ਦਾ
ਹਨੇਰੇ ਦੀ ਗੁਲਾਮੀ ਭਰਨੋਂ ਡਰਦਾ ਏ
ਤੇ ਹਰ ਖ਼ੁਸ਼ੀ ਪਾਣ ਦਾ
'ਤਰੱਦਤ' ਰਹਿੰਦਾ ਕਰਦਾ ਏ।

# ਉਡਾਨ

ਦੋਸਤੋ
ਅਸੀਂ ਮਿਲੇ ਸੀ ਕਦੇ
ਇਹ ਸਭ ਝੂਠ ਹੈ
ਅਸੀਂ ਤਾਂ ਮਿਲਣ ਤੋਂ
ਪਹਿਲਾਂ ਹੀ
ਵਿਛੜ ਗਏ ਸੀ।
ਦੋਸਤੋ
ਤੁਸੀਂ ਕਹਿੰਦੇ ਹੋ
ਅਸੀਂ ਬੈਠੇ ਸੀ ਕਦੇ ਰਲ
ਸਨ ਕੀਤੀਆਂ ਗੱਲਾਂ
ਇਹ ਵੀ ਝੂਠ ਹੈ
ਮੂੰਹ ਤਾਂ ਅਸਾਂ ਦੇ
ਖੋਹਲਣ ਤੋਂ ਪਹਿਲਾਂ ਹੀ
ਸੀਅ ਦਿੱਤੇ ਗਏ ਸਨ।
ਦੋਸਤੋ
ਤੁਸੀਂ ਸੋਚਦੇ ਹੋ
ਅਸੀਂ ਉੱਡ ਰਹੇ ਹਾਂ
ਅੰਬਰਾਂ 'ਚ
ਬਹੁਤ ਉੱਚੇ
ਜਰਾ ਪੈਰਾਂ ਵਲ ਤਾਂ
ਝਾਤੀ ਮਾਰ ਕੇ ਦੇਖੋ
ਇਹ ਤਾਂ ਜਕੜੇ ਹੋਏ ਹਨ
ਨਾਲ ਜ਼ੰਜੀਰਾਂ ਦੇ।

## ਬੀਤੇ ਦੀ ਗੱਲ

ਢੀਂਮ ਵੀ
ਦੇ ਦਿੰਦੀ ਏ ਸਹਾਰਾ
ਆਸ ਰੱਖਣ ਵਾਲੇ ਨੂੰ
ਤੂੰ ਤਾਂ ਫ਼ਿਰ ਵੀ
ਮਨੁੱਖ ਏਂ ਜ਼ਿੰਦਾ ਤੇ ਚਲਦਾ ਫਿਰਦਾ
ਨਾ ਬਣ ਤੂੰ ਜਿੰਦਾ ਲਾਸ਼
ਹਾਦਸਾ ਜੋ ਵਾਪਰਿਆ ਹੈ
ਉਹ ਤਾਂ ਹੈ
ਬੀਤੇ ਕੱਲ ਦੀ ਗੱਲ
ਗੁਜ਼ਰੇ ਨੂੰ
ਅੱਜ ਨਾਲ ਬੰਨ ਤੁਰਨਾ
ਰਿਸ਼ਦੇ ਜ਼ਖਮਾਂ ਨੂੰ
ਹੌਲੀ-ਹੌਲੀ ਛੇੜਨਾ
ਬਿਮਾਰੀ ਨੂੰ ਸਹੇੜਨਾ ਹੈ
ਜਿਨ੍ਹਾਂ ਦੀ ਪੀੜ
ਆਸਤੇ ਆਸਤੇ ਚਮਕਦੀ ਹੈ
ਜਿਹਨ ਦੇ ਅੰਦਰ
ਚੁੱਪ-ਚੁੱਪੀਤੇ ਧਸਕਦੀ ਹੈ।

## ਸ਼ਿਕਾਰੀ

ਹਾਂ ਮੈਂ
ਆਦਮ ਕਲੰਕਿਤ
ਤੇ ਲੋੜ ਨਹੀਂ ਹੈ ਮੈਨੂੰ
ਖੁਦ ਆਪਣੇ ਬਾਰੇ ਦੱਸਣ ਦੀ
ਹਾਂ ਜੋੜਦਾ
ਨਿੱਤ ਨਾ-ਪਾਕ ਰਿਸ਼ਤੇ
ਤੇ ਆਉਂਦੀ ਹੈ
ਸ਼ਰਮ ਆਪਣੇ ਆਪ ਤੋਂ
ਖੇਡਦੇ ਨੇ ਖੇਡਾਂ
ਖਿਡੌਣਾਂ ਸਮਝ ਕੇ
ਤੋੜ ਦਿੰਦੇ ਨੇ ਫ਼ਿਰ ਅਕਸਰ
ਅੰਦਰ ਹੈ ਜੋ ਬੈਠਾ ਸ਼ਿਕਾਰੀ
ਜਾਗਦਾ ਹੈ ਨਿੱਤ
ਕਰਦਾ ਹੈ ਸ਼ਿਕਾਰ
ਲਾਚਾਰ ਤੇ ਮਾਸੂਮਾਂ ਦਾ
ਤੇ ਰਿਸ਼ਤੇ
ਨਿੱਤ ਟੁੱਟਦੇ ਨੇ
ਸੱਜ ਵਿਆਹੀ ਦੀਆਂ
ਬਾਹਾਂ 'ਚ ਪਾਈਆਂ ਵੰਗਾਂ ਦੀ ਤਰ੍ਹਾਂ
'ਤੇ ਫਿਰ ਭਾਲਦੇ ਨੇ
ਸਿਲਾ ਮਾਨਵ ਹੋਣ ਦਾ।

## ਉਪਰਾਮ ਮਨੁੱਖ

ਉਪਰਾਮ ਹੋ
ਚਲਾ ਗਿਆ ਬਹੁਤ ਦੂਰ
ਵਿਚ ਸੰਘਣੇ ਜੰਗਲਾਂ ਦੇ
ਇਕਾਂਤ ਲੱਭਦਾ ਹੋਇਆ
ਉਪਰਾਮ ਆਖਿਰ
ਉਪਰਾਮ ਨਾ ਰਿਹਾ
ਤਲਬ ਹੋਈ
ਕਿਸੇ ਆਪਣੇ ਦੀ
ਹੋਵੇ ਕੋਈ ਆਪਣਾ
ਤੇ ਮਾਰੇ ਉਹ ਅਵਾਜ਼
ਨਾਂ ਲੈ ਕੇ ਮੇਰਾ
ਕਹਿ ਆਪਣਾ
ਤੂੰ ਇਥੇ ਇਕੱਲਾ ਨਹੀਂ
ਮੈਂ ਵੀ ਹਾਂ ਸਾਥ ਤੇਰੇ
ਚਲ ਉੱਡ
ਬਾਹਾਂ 'ਚ ਬਾਹਾਂ ਪਾ
ਰਲ ਪਿਆਰ ਜਤਾਈਏ

ਅਦਭੁੱਤ
ਕੁਦਰਤ ਦੇ ਨਜ਼ਾਰੇ ਤੱਕੀਏ
ਤੱਕਦੇ ਨਾ ਥੱਕੀਏ
ਰਲ ਬੈਠੀਏ
ਚੋਟੀਆਂ ਦੀਆਂ ਸਿੱਖਰਾਂ ਤੇ
ਦੇਖੀਏ
ਸੂਰਜ ਦੀ ਪਹਿਲੀ ਕਿਰਨ ਨੂੰ
ਦਰੱਖਤਾਂ ਦੇ ਝੁੰਡਾਂ ਨੂੰ
ਹਰੇ ਕਚੂਰ ਘਾਹ ਨੂੰ
ਫਿਰ ਨਾਪੀਏ ਰਲ
ਡੂੰਘੀਆਂ ਘਾਟੀਆਂ ਨੂੰ
ਤੇ ਡੂੰਘਾਣਾਂ ਦਿਲਾਂ ਦੀਆਂ ਨੂੰ
ਅਸੀਂ ਵੀ......

## ਪੈੜ

ਮੇਰੇ
ਵੱਡੇ ਵਡੇਰੇ
ਸਨ ਇਹ ਕਹਿੰਦੇ
ਪਦ ਚਿੰਨਾਂ ਤੇ ਚਲੋ
ਨਿਸ਼ਾਨ ਜੋ ਛੱਡ ਗਏ
ਉਹਨਾਂ ਨੂੰ ਮੱਲੋ
ਪਰ ਕਿਹਨਾਂ ਦੇ ?
ਗਰਕੇ ਹੋਏ ਨੇਤਾਵਾਂ ਦੇ
ਜਾਂ ਫ਼ਿਰ ਮਾਰੂਥਲ 'ਚ ਸੜ੍ਹੇ
ਪੈਰਾਂ ਦੇ ਚਿੰਨਾਂ ਤੇ
ਜਾਂ.....
ਬੰਨੇ ਹੋਏ
ਬਾਪ ਦੇ ਹੱਥ
ਦੇਸ਼ ਧਰੋਹੀ ਦਾ ਇਲਜ਼ਾਮ
ਵਿਲਕਦੀ ਹੋਈ ਧੀ
ਗਲ 'ਚ ਪਏ
ਖੁਲ੍ਹੇ ਵਾਲ
ਜਾਂ......

ਲੱਥ-ਪੱਥ ਹੋਈ
ਵਿਹੜੇ 'ਚ ਪੁੱਤ ਦੀ ਲਾਸ਼
ਧਾਹਾਂ ਮਾਰਦੀ ਹੋਈ ਮਾਂ
ਵਰਦੀ ਧਾਰੀਆਂ ਦੇ
ਖ਼ੂਨ ਨਾਲ ਲਿਬੜੇ
ਪੈਰਾਂ ਦੇ.......
ਫਰਸ਼ ਤੇ ਪਏ ਨਿਸ਼ਾਨਾਂ ਤੇ
ਜਾਂ.............
ਸਲੀਬ ਤੇ ਟੰਗੀ ਲਾਸ਼
ਜਿਸ ਦੇ ਹੱਥਾਂ
ਪੈਰਾਂ ਤੇ ਠੋਕੇ ਹੋਏ ਕਿਲ
ਰਿਸਦਾ ਹੋਇਆ ਖ਼ੂਨ
ਪਦ ਚਿੰਨ ਅਜੇ
ਨਹੀਂ ਬਣਾ ਸਕਿਆ
ਉਹਨਾਂ ਤੇ
ਜਾਂ.......
ਬੁੱਧ ਦੀਆਂ
ਧੂੜ 'ਚ ਰੁਲੀਆਂ
ਪੈੜਾਂ ਤੇ।

## ਗੀਤ
(ਬੇਟੀ ਨਵੀ ਤੇ ਜੱਗੂ ਦੇ ਨਾਂ)

ਧੀਆਂ ਨੇ ਪਾ ਕੇ ਮੰਜ਼ਲਾਂ
ਮਾਣ ਮਾਪਿਆਂ ਦਾ ਬਹੁਤ ਵਧਾਇਆ
ਉੱਚੇ-ਉੱਚੇ ਪਾ ਕੇ ਰੁੱਤਬੇ
ਸੋਨ ਅੱਖਰਾਂ 'ਚ ਨਾ ਲਿਖਵਾਇਆ
ਧੀਆਂ ਨੇ....................
ਮਾਣ ਮਾਪਿਆਂ ਦਾ..........

ਪਾਇਲਟ ਇਹ ਬਣੀਆਂ
ਝੰਡਾ ਚੰਦ ਤੇ ਇਹਨਾਂ ਝੁਲਾਇਆ
ਰਾਣੀ ਝਾਂਸੀ ਇਹ ਬਣੀਆਂ
ਫਰੰਗੀਆਂ ਨੂੰ ਦੇਸ਼ 'ਚੋਂ ਭਜਾਇਆ
ਧੀਆਂ ਨੇ....................
ਮਾਣ ਮਾਪਿਆਂ ਦਾ..........

ਡਿੱਕੀ ਡਾਲਿਮਾ ਨੂੰ ਜੱਗ ਜਾਣਦਾ
ਉੱਚੀ ਚੋਟੀ ਤੇ ਪੈਰ ਟਿਕਾਇਆ
ਕਲਪਨਾ ਪੁਲਾੜ ਦੀ ਪਰੀ
ਉਨ੍ਹਾਂ ਨਵਾਂ ਇਤਿਹਾਸ ਬਣਾਇਆ
ਧੀਆਂ ਨੇ....................
ਮਾਣ ਮਾਪਿਆਂ ਦਾ..........

ਧੀਆਂ ਪੁੱਤਰ ਸਮਾਨ ਹੁੰਦੇ
ਸਿੱਧ ਕਰ ਇਹ ਜੱਗ ਨੂੰ ਵਿਖਾਇਆ
ਕੁੱਖ ਵਿਚ ਨਾ ਮਾਰੋ
ਡੰਕਾ ਜੱਗ 'ਚ ਇਨ੍ਹਾਂ ਨੇ ਵਜਾਇਆ
ਧੀਆਂ ਨੇ....................
ਮਾਣ ਮਾਪਿਆਂ ਦਾ...........

'ਭਾਰਤੀ' ਉਹ ਸਭ ਦੇਖਦਾ
ਪਾੜਾ ਧੀ, ਪੁੱਤ 'ਚ ਜੋ ਪਾਇਆ
ਨਹੀਂ ਉਸ ਮਾਫ਼ ਕਰਨਾ
ਦਾਗ ਔਰਤ ਦੇ ਮੱਥੇ ਜੋ ਲਗਾਇਆ
ਧੀਆਂ ਨੇ....................
ਮਾਣ ਮਾਪਿਆਂ ਦਾ ਬਹੁਤ ਵਧਾਇਆ

ਮਾਣ ਮਾਪਿਆਂ ਦਾ ਬਹੁਤ ਵਧਾਇਆ
ਉੱਚੇ-ਉੱਚੇ ਪਾ ਕੇ ਰੁੱਤਬੇ
ਸੋਨ ਅੱਖਰਾਂ 'ਚ ਨਾ ਲਿਖਵਾਇਆ
ਧੀਆਂ ਨੇ....................
ਮਾਣ ਮਾਪਿਆਂ ਦਾ ਬਹੁਤ ਵਧਾਇਆ।

## ਸੋਚਦਾ ਹਾਂ

ਸੋਚਦਾ ਹਾਂ
ਖੋਜਦਾ ਹਾਂ
ਬਾਰ-ਬਾਰ
ਮਾਰਦਾ ਹਾਂ ਝਾਤੀਆਂ
ਆਪਣੇ ਅੰਦਰ
ਕੀ ਹਾਂ ਮੈਂ
ਤੇ ਕੀ ਹੈ ਹੋਂਦ ਮੇਰੀ
ਜਾਣ ਸਕਾਂ
ਆਪਣੇ ਆਪ ਨੂੰ
ਪਹਿਚਾਣ ਸਕਾਂ
ਧੁਰ ਅੰਦਰ ਤੀਕਰ
ਦੂਰ ਹੋ ਜਾਏ
ਛਾਇਆ ਅੰਧੇਰਾ
ਮਾਰਾਂ ਇਕ ਚੁੱਭੀ
ਗਹਿਰੀ ਸ਼ਾਤ ਝੀਲ 'ਚ
ਆਪਣੇ ਸਵਾਲਾਂ ਦਾ
ਹੱਲ ਲੱਭਣ ਲਈ।

## ਬੀਤੇ ਦੀ ਖਿੜਕੀ

ਠੰਡੀ-ਠੰਡੀ
ਵਗਦੀ ਹਵਾ
ਖਿੜਕੀ 'ਚ ਦੀ
ਸੂਰਜ ਦੀਆਂ
ਆ ਰਹੀਆਂ ਟੇਡੀਆਂ ਕਿਰਨਾਂ
ਵਿਹੜੇ 'ਚ ਖਿਲਰੇ
ਸੁੱਕੇ ਪੱਤੇ
ਇੱਧਰ ਉੱਧਰ
ਹਵਾ ਨਾਲ ਜਾਂਦੇ ਹੋਏ
ਪੈਰਾਂ ਹੇਠਾਂ
ਇਹਨਾਂ ਦੇ ਭੁਰਨ ਦੀ ਅਵਾਜ਼
ਦਸਦੀ ਹੈ
ਬਸੰਤ ਤੋਂ ਬਾਅਦ
ਪੱਤਝੜ ਆਈ ਏ
ਮੇਰੀਆਂ
ਜਵਾਨੀ ਦੀਆਂ ਯਾਦਾਂ
ਹੌਲੀ-ਹੌਲੀ
ਮੱਧਮ ਪੈ ਰਹੀਆਂ
ਅਲਵਿਦਾ ਕਹਿ ਕੇ
ਹਨੇਰੇ 'ਚ ਗੁੰਮ ਹੋ

ਮਹਿਕਾਂ ਤੋਂ ਦੂਰ
ਕਰ ਰਹੀਆਂ ਨੇ
ਸਿਰਜੇ ਹੋਏ ਸੁਪਨੇ
ਆਸਤਾ-ਆਸਤਾ
ਵਿੱਖਰ ਰਹੇ ਨੇ
ਮੁਰਝਾਏ ਹੋਏ ਫ਼ੁੱਲ ਦੇਖਦਾ
ਹੌਲੀ-ਹੌਲੀ
ਕਦਮ ਪੁੱਟਦਾ ਹਾਂ
ਕਿ ਫ਼ੁੱਲਾਂ ਦੀਆਂ ਮਹਿਕਾਂ
ਲੰਬੇ ਸਮੇਂ ਤੱਕ ਮਾਣ ਸਕਾਂ
ਪਰ ਇਸ ਤਰ੍ਹਾਂ
ਨਹੀਂ ਹੋ ਰਿਹਾ
ਕਿਉਂਕਿ ਇਹ ਮੇਰੇ
ਵਸ 'ਚ ਨਹੀਂ......
ਦੇਖਦਾ ਹਾਂ
ਮੇਰੇ ਸਾਥੀ ਤਾਂ
ਨਿਕਲ ਗਏ ਨੇ
ਬਹੁਤ ਅੱਗੇ
ਕਦਮਾਂ ਨੂੰ
ਤੇਜ਼ ਕਰਦਾ ਹੋਇਆ
ਉਹਨਾਂ ਨਾਲ ਰਲਣ ਦੀ
ਕੋਸ਼ਿਸ਼ ਕਰਦਾ ਹਾਂ।

## ਦਰਿਆ

ਵਗਦਾ ਰਿਹਾ ਹਾਂ
ਮੁੱਦਤਾਂ ਤੋਂ
ਕਿਨਾਰਿਆਂ ਦੇ ਅੰਦਰ ਹੀ
ਲਾ-ਲਾ ਠੋਕਰਾਂ
ਮੈਨੂੰ ਮੋੜਦੇ ਰਹੇ
ਅੱਗੇ ਤੋਰਦੇ ਰਹੇ
ਉਤਾਰ ਆਰਤੀ ਮੇਰੀ
ਦੀਵੇ ਜਗਾ ਰੋੜ੍ਹਦੇ ਰਹੇ
ਨਹੀਂ ਹੁਣ ਨਹੀਂ
ਰਹਿ ਸਕਦਾ ਸ਼ਾਂਤ
ਲਗ ਪਈ ਉੱਬਲਣ
ਹੁਣ ਬਰਫ਼ ਤੁਸਾਂ ਕਰਕੇ
ਜਵਾਲਾ ਅੰਦਰ ਦਾ ਮੇਰਾ
ਹੋ ਗਿਆ ਪਰਚੰਡ
ਨਹੀਂ ਰੋਕ ਸਕਦਾ
ਨਹੀਂ ਮੋੜ ਸਕਦਾ
ਮੇਰੇ ਰਸਤਿਆਂ ਨੂੰ
ਲੈ ਜਾਵਾਂਗਾ ਵਹਾ ਕੇ
ਠੱਗ ਬਨਾਰਸ ਦਿਆਂ ਨੂੰ
ਡੇਰੇ ਜਮਾਈ ਬੈਠੇ ਨੇ ਜੋ
ਕਿਨਾਰਿਆਂ ਤੇ।

## ਇਕ ਨਜ਼ਰ

ਮੱਧਮ ਜਿਹੀ ਰੌਸ਼ਨੀ
ਬੱਚਿਆਂ ਦੀ ਨਜ਼ਰ
ਸਾਹਮਣੇ ਕੰਧ ਤੇ ਪਏ
ਧੱਬਿਆਂ ਤੇ ਟਿਕੀ ਹੋਈ
ਦਿਖਾਈ ਦੇ ਰਿਹਾ ਹੈ
ਕੀ ਤੁਸਾਂ ਨੂੰ
ਉਹਨਾਂ ਧੱਬਿਆਂ 'ਚ
ਦੂਰ ਉੱਡ ਰਹੀਆਂ ਪਤੰਗਾਂ
ਕਰ ਰਹੇ ਕੋਸ਼ਿਸ਼ਾਂ
ਰਲ ਉਹਨਾਂ ਨੂੰ ਕੱਟਣ ਦੀਆਂ।
ਨਹੀਂ ਉਹ ਤਾਂ ਹੈ
ਅੰਨ੍ਹੀਆਂ ਕੁੜੀਆਂ
ਚੁਣ ਰਹੀਆਂ ਫੁੱਲ ਰਲ
ਕਤਾਰਾਂ ਬੰਨ ਕੇ।
ਨਹੀਂ, ਨਹੀਂ ਉਹ ਤਾਂ ਹੈ
ਮੇਰੀ ਖੋਹੀ ਹੋਈ ਮਾਂ
ਤੜਕੇ, ਰਿੜਕ ਰਹੀ ਦੁੱਧ

ਵਾਜਾਂ ਮਾਰ-ਮਾਰ
ਕਹਿ ਰਹੀ ਏ
ਮੱਖਣ ਦਾ ਪੇੜਾ ਖਾਣ ਨੂੰ
ਨਹੀਂ-ਨਹੀਂ, ਨਹੀਂ
ਉਹ ਤਾਂ ਹਨ
ਬਰਫਾਂ ਲੱਦੇ ਪਹਾੜ
ਜਿਨ੍ਹਾਂ ਤੇ ਅਸੀਂ
ਸਭ ਰਲ
ਗਲਵੱਕੜੀਆਂ ਪਾ ਖੇਡ ਰਹੇ ਹਾਂ
ਨਹੀਂ, ਨਹੀਂ, ਨਹੀਂ, ਨਹੀਂ
ਉਹ ਤਾਂ ਹੈ
ਸਕੂਲ ਦੀ ਘੰਟੀ ਕੋਲ ਖੜਾ
ਸੇਵਾਦਾਰ ਭਾਜੀ
ਤੇ ਸਾਡੇ ਅਧਿਆਪਕ
ਕਲਾਸ 'ਚ ਪੜ੍ਹਾ ਰਹੇ।

## ਖੰਭ

ਵਾਪਸ
ਕਰ ਦਿਉ ਤੁਸੀਂ
ਮੇਰੇ ਕੱਟੇ ਹੋਏ ਖੰਭ
ਨਹੀਂ ਚਾਹੁੰਦਾ ਮੈਂ
ਬਤੀਤ ਕਰਨੀ
ਰਹਿੰਦੀ ਹੋਈ ਜ਼ਿੰਦਗੀ
ਬੰਦ ਪਿੰਜ਼ਰੇ ਦੇ ਅੰਦਰ
ਤੋਤੇ ਦੀ ਤਰ੍ਹਾਂ
ਉੱਡਣਾ ਹੈ
ਅੰਬਰਾਂ 'ਚ
ਬਹੁਤ ਦੂਰ ਤੱਕ।

## ਮੁੰਦਰੀ

ਮੇਰੀ ਮੁੰਦਰੀ
ਪਾਉਣ ਤੋਂ ਪਹਿਲਾਂ ਹੀ
'ਗਵਾਚ' ਗਈ
ਸ਼ਾਇਦ ਇਹ
ਝੂਠ ਹੈ
ਕਿਉਂਕਿ ?
ਮੈਨੂੰ ਤਾਂ,
ਅਜੇ ਕਿਸੇ ਮੁੰਦਰੀ
ਦਿੱਤੀ ਹੀ ਨਹੀਂ ਸੀ।
ਮੁੰਦਰੀ ਬਾਰੇ
ਜੇ ਪੁੱਛਣਾ ਹੈ ਤਾਂ
ਉਸ ਕੁੜੀ ਨੂੰ ਪੁੱਛੋ
ਜੋ ਨਿੱਤ
ਮੇਰੇ ਸੁਪਨਿਆਂ 'ਚ ਆਉਂਦੀ ਹੈ
ਤੇ ਮੇਰੀ ਨੀਂਦ ਗਵਾਉਂਦੀ ਹੈ
ਸ਼ਾਇਦ
ਇਹ ਵੀ ਝੂਠ ਹੈ
ਸੁਪਨਾ ਤਾਂ ਮੈਨੂੰ
ਕਦੇ ਆਇਆ ਹੀ ਨਹੀਂ
ਤੇ ਕਿਸੇ ਨੇ ਮੈਨੂੰ
ਸਤਾਇਆ ਵੀ ਨਹੀਂ।
ਅਸਲ ਸੱਚ ਇਹ ਹੈ
ਕਿ ਕੋਈ ਕੁੜੀ
ਮੇਰੀ ਦੋਸਤ ਹੀ ਨਹੀਂ
ਕਿਸੇ ਨੇ ਮੈਨੂੰ
ਕੋਈ ਮੁੰਦਰੀ ਦਿੱਤੀ ਵੀ ਨਹੀਂ
ਇਹ ਵੀ ਸੱਚ ਹੈ
ਕਿ ਮੇਰੀ ਕੋਈ
ਮੁੰਦਰੀ 'ਗਵਾਚੀ' ਵੀ ਨਹੀਂ।

## ਗੁੰਮ

ਸ਼ਹਿਰੋਂ ਦੂਰ
ਜੰਗਲਾਂ ਅੰਦਰ
ਵਗਦਾ ਦਰਿਆ
ਪੱਥਰਾਂ ਨਾਲ
ਨਿੱਤ ਠਠੋਲੀਆਂ ਕਰਦੀਆਂ
ਲਹਿਰਾਂ ਨੂੰ
ਇਹ ਪਤਾ ਹੀ ਨਹੀਂ
ਗੁੰਮ ਹੋ ਗਿਆ ਹਾਂ
ਕਿੱਥੇ ਮੈਂ।

# ਮੰਜ਼ਿਲ

ਮੰਜ਼ਿਲ
ਪਾਉਣ ਲਈ
ਚੱਲਿਆ ਸੀ ਮੈਂ
ਚਲਦਾ ਗਿਆ, ਚਲਦਾ ਗਿਆ
ਅੰਤ ਪਹੁੰਚਿਆ
ਮੰਜ਼ਿਲ ਦੇ ਪਾਸ
ਪਤਾ ਲੱਗਿਆ ਮੈਨੂੰ
ਇਸ ਨੂੰ ਪਾਉਣ ਤੇ
ਮੰਜ਼ਲ
ਦੂਸਰਾ ਨਾਂ ਹੈ
ਮੌਤ ਦਾ ?

## ਜਾਣ ਪਿਛੋਂ

ਉਸ ਦੇ
ਜਾਣ ਪਿਛੋਂ
ਮੇਰੀ ਰੂਹ
ਇਸ ਤਰ੍ਹਾਂ ਹੋ ਜਾਂਦੀ ਹੈ
ਜਿਵੇਂ
ਮੈਖਾਨੇ ਅੰਦਰ
ਖਾਲੀ ਜਾਮ।

## ਵਧਦੇ ਕਦਮ

ਮੈਂ ਤਾਂ
ਬਚਪਨ ਤੋਂ ਹੀ
ਠੇਡੇ ਖਾ-ਖਾ
ਡਿੱਗਦਾ ਰਿਹਾ ਹਾਂ
ਉੱਠਕੇ
ਬਾਰ-ਬਾਰ
ਚਲਦਾ ਰਿਹਾ ਹਾਂ
ਜਾਂਚ
ਆ ਗਈ ਹੈ ਮੈਨੂੰ
ਡਿੱਗਣਾ, ਉੱਠਣਾ ਤੇ
ਫਿਰ ਸਵਾਰ ਹੋਣ ਦੀ
ਹਨੇਰਿਆਂ ਦਾ
ਜੁਗਨੂੰ ਬਣ ਚਲਣ ਦੀ
ਸਾਥੀਆਂ ਨਾਲ ਰਲਣ ਦੀ
ਮੰਜ਼ਲ ਵਲ ਵਧਣ ਦੀ
ਹਨੇਰੀਆਂ
ਰਾਤਾਂ ਅੰਦਰ ਫ਼ਨੀਅਰ
ਜਕੜਦੇ ਰਹੇ
ਮੇਰੇ ਪੈਰਾਂ ਨੂੰ
ਅਗੇ ਵਧਦੀਆਂ ਰਾਹਾਂ ਨੂੰ
ਸਿਰੀਆਂ ਮਿੱਧ ਉਹਨਾਂ ਦੀਆਂ
ਅੱਗੇ ਵਧਦਾ ਗਿਆ
ਜ਼ਹਿਰ
ਹਾਜ਼ਮ ਕਰਦਾ ਗਿਆ।

# ਸੱਖਣਾ ਵਿਹੜਾ

ਵਿਹੜੇ 'ਚ ਧੁੱਪ
ਅੱਜ ਮੱਧਮ ਹੈ
ਗ੍ਰਹਿਣਿਆ ਗਿਆ ਹੈ
ਸੂਰਜ ਅੱਜ.......
ਚਿੜੀਆਂ ਚੀਂ-ਚੀਂ
ਨਹੀਂ ਰਲ ਕੀਤੀ
ਨਾ ਹੀ ਆਣ ਬੋਲਿਆ
ਬਨੇਰੇ ਅੱਜ ਕਾਂ
ਰੇਤ ਇਸ਼ਨਾਨ
ਮਿਲ ਸਾਰਕਾਂ ਨਹੀਂ ਕੀਤਾ
ਬਦਲਦੇ ਮੌਸਮ ਦੀ ਦਸਤਕ
ਘੁੱਗੀਆਂ ਨਹੀਂ ਦਿੱਤੀ
ਨਹੀਂ ਕੀਤਾ ਰਟਨ
ਗੰਗਾ ਰਾਮ ਦਾ ਤੋਤਿਆਂ
ਬਿਜੜੇ ਭੁੱਲ ਗਏ
ਨੈਟਵਰਕ ਉਣਨਾ ਆਪਣਾ
ਗੁੱਟਕੂੰ-ਗੁਟਕੂੰ ਨਹੀਂ ਕੀਤੀ
ਕਬੂਤਰਾਂ ਬੈਠ ਬਨੇਰਿਆਂ ਤੇ
ਚੋਗਾ ਨਹੀਂ ਪਾਇਆ
ਸੋਨ ਚਿੜੀ ਨੇ
ਬੋਟਾਂ ਦੇ ਮੂੰਹ 'ਚ
ਇਹ ਸਭ ਹੋਇਆ
ਕਿਉਂ ਅੱਜ ?
ਰਲ ਸਾਰੇ ਹੰਭਲਾ ਮਾਰੋ
ਸੱਖਣਾ ਵਿਹੜਾ
ਮੁੜ ਸਜਾਉ।

## ਕਾਤਰ ਜ਼ਿੰਦਗੀ

ਕਾਤਰ ਨੂੰ ਕਾਤਰ 'ਚ ਬੰਨੇ,
ਭਾਵੇਂ ਉਸਦਾ ਦਿਲ ਨਾ ਮੰਨੇ।
ਬਾਰ-ਬਾਰ ਗੰਢਾਂ ਉਹ ਖੋਹਲੇ,
ਉਸਦੇ ਅੰਦਰੋਂ ਖੋਹਿਆ ਟੋਹਲੇ।
ਧੁੱਪ ਸਿੱਖਰਾਂ ਦੀ ਮੱਧਮ ਹੋਈ,
ਤਾਹੀਉਂ ਉਹ ਰਹਿੰਦੀ ਖੋਹੀ।
ਖੁਸੇ ਉਸ ਜ਼ਿੰਦਗੀ ਦੇ ਹਾਸੇ,
ਦੇਵੇ ਨਾ ਉਸ ਕੋਈ ਧਰਵਾਸੇ।
ਕਿਸ ਨੂੰ ਆਪਣਾ ਕਹਿ ਬੁਲਾਵੇ,
ਦੁੱਖ ਆਪਣੇ ਕਿਸ ਝੋਲੀ ਪਾਵੇ।
ਕਾਤਰਾਂ ਹੋਈ ਜ਼ਿੰਦਗੀ ਨੂੰ,
ਸੂਈ ਧਾਗਾ ਸੀਂਅ ਨਾ ਪਾਏ।

## ਝਰੋਖੇ

ਕਰੂੰਬਲ ਸੀ ਮੈਂ
ਕਲੀ ਸੀ ਮੈਂ
ਕਿਸੇ ਦੀ ਅੱਖ ਦਾ
ਨੂਰ ਸੀ ਮੈਂ
ਵਿਚ ਅਸਮਾਨੀ
ਉੱਡਦੀ ਸੀ ਮੈਂ
ਕਿਸੇ ਦੀ ਅੱਖ ਦਾ
ਸਰੂਰ ਸੀ ਮੈਂ।
ਹਾਸੇ ਵੰਡਦੀ
ਖੁਸ਼ੀਆਂ ਛੱਡਦੀ
ਮਕਰੀ ਜਿਹੀ
ਖੰਗ ਸੀ ਖੰਗਦੀ
ਟੇਡੇ-ਮੇਢੇ ਰਾਹਾਂ
'ਚੋਂ ਲੰਘਦੀ

ਨਿਗ੍ਹਾ ਮਿਲਾਂਉਂਦੀ
ਨੀਵੀਂ ਪਾਉਂਦੀ
ਨੀਵੀਂ ਪਾ ਕੇ
ਫਿਰ ਸ਼ਰਮਾਉਂਦੀ
ਗੱਲ ਕਰਨੋ
ਸਦਾ ਘਬਰਾਉਂਦੀ।
ਹੱਸਦੀ ਜਾਂਦੀ
ਟੱਪਦੀ ਜਾਂਦੀ
ਨਾ ਚਾਹੁੰਦੀ ਵੀ
ਕੁਝ ਦਸਦੀ ਜਾਂਦੀ
ਭੇਦ ਵੀ ਕੋਈ
ਰੱਖਣਾ ਚਾਹੁੰਦੀ
ਅੰਦਰ ਕੀ ਹੈ
ਦੱਸਣਾ ਚਾਹੁੰਦੀ
ਕਿਸੇ ਆਪਣਾ ਕਹਿ
ਨੱਸਣਾ ਚਾਹੁੰਦੀ।

## ਕਿਸ਼ਤੀ

ਕਾਗਜ਼ ਦੀ
ਕਿਸ਼ਤੀ ਬਣਾਉਣਾ
ਮੀਂਹ ਦੇ ਵਗਦੇ
ਪਾਣੀਆਂ ਵਿਚ ਉਸ ਤਾਰਨਾ
ਕਾਗਜ਼ ਦਾ ਗਲ ਜਾਣਾ
ਤੇ ਹੌਲੀ ਹੌਲੀ
ਕਿਸ਼ਤੀ ਦਾ ਡੁੱਬ ਜਾਣਾ
ਕਾਪੀ 'ਚੋਂ
ਪੰਨੇ ਦਾ ਫਿਰ ਪੁੱਟਣਾ
ਕਿਸ਼ਤੀ ਬਣਾ
ਫਿਰ ਪਾਣੀ ਵਿਚ ਤਾਰਨਾ
ਕਿਸ਼ਤੀਆਂ ਦਾ
ਬਾਰ-ਬਾਰ ਡੁੱਬੀ ਜਾਣਾ
ਲੰਬੇ ਸਮੇਂ ਤੱਕ
ਕਿਸ਼ਤੀ ਦਾ ਨਾ ਤਰਨਾ
ਸੁਪਨਾ ਸਕਾਰ ਨਾ ਹੋਣਾ
ਮੈਨੂੰ ਵੀ ਇੰਜ ਲੱਗਦਾ ਜਾਪਣ
ਕਿ ਮੇਰੀ ਜ਼ਿੰਦਗੀ ਵੀ ਹੈ
ਕਾਗਜ਼ ਦੀ ਬਣੀ
ਕਿਸ਼ਤੀ ਦੀ ਤਰ੍ਹਾਂ......।

## ਪਰਦੇਸ

ਵਿਚ ਪਰਦੇਸੀਂ ਜ਼ਿੰਦਗੀ ਮੇਰੀ,
ਰਾਤਾਂ ਕਾਲੀਆਂ ਬਰਫ਼ਾਂ ਵਰਗੀਆਂ।
ਵਿਹੜੇ ਮੇਰੇ ਸ਼ਮਸ਼ਾਨ ਜਿਹੀ ਧੁੱਪ
ਮਿੱਤਰ ਸੱਜਣ ਮਿਲਣ ਬਹੁਤ ਆਵਣ
ਬਾਹਰੋਂ ਤਾਂ ਉਹ ਹੱਸਦੇ ਨੇ ਦਿਸਦੇ
ਅੰਦਰ ਉਹਨਾਂ ਨਿਰੀ ਹੈ ਚੁੱਪ।
ਦਿਲਲਗੀ ਲਈ ਆਸ ਹਾਂ ਲੱਭਦਾ
ਆਣ ਕੋਈ ਉਦਾਸੀ ਤੋੜੇ
ਜੋ ਫ਼ੁੱਲ ਠੰਡੇ ਪਰਛਾਵੇਂ ਨਹੀਂ ਖਿੜਿਆ
ਆਣ ਉਸ ਨੂੰ ਅੱਜ ਕੋਈ ਖੇੜੇ।
ਕੰਡੇ ਸੂਲਾਂ ਹਰ ਥਾਂ ਤੇ ਮੋਲਣ
ਬਹਿਸ਼ਤੀ ਫ਼ੁੱਲ ਵੀ ਕਿਤੇ ਮੌਲੇ
ਕੋਮਲ ਕਲਾਵਾਂ ਨੂੰ ਜਿੰਦਰੇ ਲੱਗੇ
ਆਣ ਉਸ ਨੂੰ ਅੱਜ ਕੋਈ ਖੋਲ੍ਹੇ।
ਅੰਦਰ ਮੇਰੇ ਛੁਪਾ ਜੋ ਬੈਠਾ
ਵਰਕੇ ਉਸਦੇ ਕੋਈ ਫਰੋਲੇ
ਪੜ੍ਹੇ ਗੱਲ ਦਿਲ ਦੀ ਦਿਲ ਦੀ ਆਖੇ
ਭਾਵੇਂ ਮੂੰਹੋਂ ਕੁਝ ਵੀ ਨਾ ਬੋਲੇ।

## ਹਮਰਾਜ

ਦੁੱਖਾਂ ਦਰਦਾਂ ਭਰੀ ਮੇਰੀ ਜ਼ਿੰਦਗੀ ਦਾ,
ਅੱਜ ਮੈਨੂੰ ਕਿਤੇ ਇਲਾਜ ਮਿਲ ਜਾਏ।
ਗਾਉਂਦਾ ਰਹਾਂ ਗੀਤ ਜ਼ਿੰਦਗੀ ਭਰ ਮੈਂ,
ਜ਼ਿੰਦਗੀ ਜਿਊਣ ਦਾ ਮੈਨੂੰ ਕਿਤੇ ਸਾਜ਼ ਮਿਲ ਜਾਏ।
ਤੱਖਤਾਂ, ਤਾਜਾਂ ਨੂੰ ਠੋਕਰਾਂ ਉਹ ਮਾਰ ਜਾਂਦੇ,
ਮੁਹੱਬਤਾਂ ਦਾ ਜਿਨ੍ਹਾਂ ਨੂੰ ਤਾਜ ਮਿਲ ਜਾਏ।
ਨਹੀਂ ਪੂਜਾਂਗਾ ਮੈਂ ਕਦੇ ਵੀ ਪੱਥਰਾਂ ਨੂੰ,
ਜੇਕਰ ਰੂਹ ਦਾ ਮੈਨੂੰ ਰਾਜ਼ ਮਿਲ ਜਾਏ।
ਪਾ ਲਵਾਂਗਾ ਮੰਜ਼ਿਲ ਸਹਿਜੇ ਹੀ ਮੈਂ,
ਜੇਕਰ ਰਾਹਾਂ ਦਾ ਪਰਵਗਾਰ ਮਿਲ ਜਾਏ।
ਬਾ-ਖ਼ੂਬ ਗੁਜ਼ਰੇਗੀ ਜ਼ਿੰਦਗੀ ਤਦ ਮੇਰੀ,
ਜੇਕਰ ਜ਼ਿੰਦਗੀ ਮੇਰੀ ਦਾ ਨਾਜ਼ ਮਿਲ ਜਾਏ।
'ਭਾਰਤੀ' ਸੂਲਾਂ ਤੇ ਵੀ ਜ਼ਿੰਦਗੀ ਕੱਟ ਗੁਜ਼ਰੇਗਾ,
ਜੇਕਰ ਜ਼ਿੰਦਗੀ ਦਾ ਮੈਨੂੰ ਹਮਰਾਜ ਮਿਲ ਜਾਏ।

## ਉਡੀਕ

ਦੀਵਾਨੇ ਹਾਂ ਮਾਹੀ, ਅਸੀਂ ਤੇਰੇ ਪਿਆਰ ਦੇ,
ਗਲੀਆਂ 'ਚ ਰਹਿੰਦੇ ਹਾਂ, ਨਿੱਤ ਗੇੜੇ ਮਾਰਦੇ।
ਰਾਤ ਸੀ ਅੰਧੇਰੀ, ਭੁੱਲ ਘਰ ਨਾ ਉਹ ਜਾਵੇ,
ਸਾਰੀ ਰਾਤ ਅਸੀਂ ਰਹੇ ਦੀਵੇ ਬਾਲਦੇ।
ਰਾਤ ਅੱਖੀਆਂ 'ਚ ਲੰਘੀ ਮਾਹੀ ਨਾ ਆਇਆ,
ਤਾਰੇ ਦੇਖ ਅਸਮਾਨੇ, ਰਹੇ ਹਾਉਂਕੇ ਮਾਰਦੇ।
ਅੱਖ ਬਹੁਤ ਮੈਂ ਲਾਵਾਂ, ਪਲ ਅੱਖ ਨਾ ਲੱਗੇ,
ਨੀਂਦਰ ਅੱਖਾਂ ਦੀ ਛਾਨਣੀ 'ਚ, ਰਾਤੀਂ ਰਹੇ ਛਾਣਦੇ।
ਲੱਖਾਂ ਮਿੰਨਤਾਂ ਵੀ ਕੀਤੀਆਂ, ਮੰਨਤਾਂ ਵੀ ਕੀਤੀਆਂ,
ਕੋਠੇ ਚੜ੍ਹ-ਚੜ੍ਹ ਕੇ, ਉਸ 'ਵਾਜਾਂ ਰਹੇ ਮਾਰਦੇ।
ਦੀਦੇ ਸੁੱਕ ਗਏ, ਅੱਖਾਂ 'ਚ ਹੰਝੂ ਮੁੱਕ ਗਏ,
ਸਾਰੀ ਜ਼ਿੰਦਗੀ ਰਹੇ ਅਸੀਂ, ਉਸ ਨੂੰ ਭਾਲਦੇ।
ਲੱਖਾਂ 'ਭਾਰਤੀ' ਪੁੱਛਿਆ, ਉਹ ਨਹੀਉਂ ਦੱਸਿਆ,
ਰਹੇ ਕਿਸ ਲਈ ਸਾਰੀ ਉਮਰ, ਖਾਕ ਛਾਣਦੇ।

## ਵਗਦੇ ਹੰਝੂ

ਵਗਦੇ ਹੰਝੂ ਨਾ ਤੂੰ ਪੂੰਝੀ
ਨਾ ਤੂੰ ਦਈਂ ਦਿਲਾਸਾ
ਇਕ ਵਾਰ ਪਿਆਰ ਨਾਲ ਤੱਕ ਲਈਂ
ਵੱਟ ਕੇ ਜਰਾ ਤੂੰ ਪਾਸਾ।
ਪਿਆਰ ਦੀਆਂ ਪੀੜਾਂ ਰੜਕਣ
ਅੱਜ ਵਿਚ ਕਲੇਜੇ ਮੇਰੇ
ਡਰਦਾ 'ਵਾਜ ਨਾ ਮਾਰਾਂ
ਬਣ ਜਾਵਾਂ ਨਾ ਦੁਨੀਆ ਦਾ ਹਾਸਾ।
ਕਰਾਂ ਉਡੀਕਾਂ ਸਾਹ ਸੁੱਕਦੇ ਜਾਂਦੇ
ਕਦ ਵਾਪਸ ਉਸ ਆਉਣਾ
ਬਿਨ ਉਸ ਜ਼ਿੰਦਗੀ ਇੰਜ ਹੋਈ
ਜਿਵੇਂ ਪਾਣੀ 'ਚ ਪਤਾਸਾ।
ਮੁੱਖ ਯਾਰ ਦਾ ਦੇਖਣ ਲਈ
ਕਿਹੜੀ ਤਰਕੀਬ ਬਣਾਵਾਂ
ਭਗਵਾਂ ਭੇਸ ਵਟਾ ਕੇ
ਹੱਥ 'ਚ ਫੜ ਲਾਂ ਕਾਸਾ।
ਦਰਦਾਂ ਦਾ ਕੋਈ ਸਾਂਝੀ ਹੋਵੇ
ਹੰਝੂ ਉਸਦੇ ਮੈਂ ਪੂੰਝਾਂ
ਅੱਖਾਂ 'ਚ ਅੱਖਾਂ ਪਾ ਤੱਕੀਏ
ਦਈਏ ਇੱਕ ਦੂਜੇ ਦਿਲਾਸਾ।
ਅੱਜ ਕੂੰਜੋਂ ਵਿਛੜੀ ਤੱਤੜੀ ਨੂੰ
ਘੁੱਟ ਕੇ ਸੀਨੇ ਨਾਲ ਲਗਾਵੇ
'ਭਾਰਤੀ' ਫਿਰ ਹੋਣਾ ਹੈ ਮੁੜਕੇ
ਦਿਲਾਂ ਦਾ ਦਿਲਾਂ 'ਚ ਵਾਸਾ।